ਆਉਂਦੀ ਸੀ ਅਰ ਜਦੋਂ ਸਵੇਰ ਦੇ ਖੁੱਲ੍ਹਨ ਵਾਲੇ ਰੰਗ ਥੋਹੜੇ ੨ ਵਖਾਲੀ ਦੇਣ ਲੱਗਨ ਤਾਂ ਇਹ ਚੀਂ ਚੀਂ ਦੀਆਂ ਅਵਾਜ਼ਾਂ ਘੜੀ ਮੁੜੀ ਵਧ ਕੇ ਆਉਣ ਲੱਗ ਪੈਂਦੀਆਂ ਸਨ, ਇਥੋਂ ਤਾਈਂ ਕਿ ਹੌਲੀ ਸਾਰਾ ਜੰਗਲ ਰਲਕੇ ਖੂਬ ਜ਼ੋਰ ਸ਼ੋਰ ਨਾਲ ਗਾਉਂਦਿਆ ਮਲੂਮ ਹੁੰਦਾ ਸੀ, ਇਹ ਰਲਕੇ ਬੋਲਨ ਦੀ ... ਕਿਹੀ ਅਸਚਰਜ ਮਲੂਮ ਹੁੰਦੀ ਸੀ, ਅਜਿਹਾ ਮਲੂਮ ਹੁੰਦਾ ਸੀ ਕਿ ਮਾਨੋਂ ਸਾਰੇ ਦੇ ਸਾਰੇ ਬਿਛ, ਹਰ ਇਕ ਘਾਹ ਦਾ ਪੱਤ੍ਰ, ਝਾੜੀਆਂ ਅਤੇ ਧਰਤੀ ਹੇਠਾਂ ਉੱਪਰ ਅਕਾਸ਼ ਸਾਰੇ ਮਿਲਕੇ ਉਸ ਅਸਚਰਜ ਰਾਗ ਵਿਚ ਸ਼ਾਮਲ ਹੁੰਦੇ ਸਨ। ਜਦੋਂ ਮੈਂ ਉਸ ਰਾਗ ਨੂੰ ਬਰਾਬਰ ਸੁਣਿਆਂ, ਮੈਂ ਖਿਆਲ ਕੀਤਾ ਕਿ ਰਾਗ ਦੇ ਬਾਰੇ ਵਿਚ ਇਹ ਕਿਹੀ ਸੁੰਦ ਪੜ੍ਹਾਈ ਹੈ। ਕਾਸ਼! ਅਸੀ ਪੰਛੀਆਂ ਤੋਂ ਅਵਾਜ਼ ਦੀ ਸੁੰਦ੍ਰਤਾ ਸਿੱਖ ਲਈਏ। ਕਾਸ਼! ਅਸੀ ਓਹਨਾਂ ਤਾਕਤਾਂ ਲਈ ਆਪਣੇ ਅੰਦਰ ਨੂੰ ਖੋਲ੍ਹ ਦੇਵੀਏ ਅਰ ਓਹਨਾਂ ਨੂੰ ਆਪਣੇ ਅੰਦਰ ਪ੍ਰਗਟ ਹੋਣ ਦੇਵੀਏ, ਅਸੀ ਕੈਸੇ ਹੱਛੇ ਗਵਈਏ ਅਰ ਕੈਸੇ ਹੱਛੇ ਲੋਕਾਂ ਦੇ ਦਿਲਾਂ ਤੇ ਅਸਰ ਪੈਦਾ ਕਰਨ ਵਾਲੇ ਬਨ ਜਾਵੀਏ, ਨਹੀਂ ਨਹੀਂ ਕੈਸੇ ਹੱਛੇ ਰਾਗੀ ਅਰ ਲੋਕਾਂ ਦੇ ਦਿਲਾਂ ਨੂੰ ਹਿਲਾ ਦੇਣ ਵਾਲੇ ਅਸੀ ਕੈਸੇ ਬਨ ਜਾਂਦੇ।

ਕੀ ਤੁਹਾਨੂੰ ਓਹ ਹਾਲ ਮਲੂਮ ਹਨ ਜਦੋਂ ਕਿ ਸੈਨਕੀ ਸਾਹਿਬ ਨੇ ਪੈਹਲੀ ਵਾਰੀ "ਦੀ ਨਾਈਨਟੀ ਐਡ ਨਾਈਨ" ਦਾ ਸੁੰਦਰ ਰਾਗ ਗਾਵਿਆਂ ਸੀ ? ਸਾਡੇ ਇਕ ਅਖਬਾਰ ਲਿਖਨ ਵਾਲੇ ਦਾ ਕਥਨ ਹੈ: "ਸੈਨਕੀ

ਸਾਹਿਬ ਦੇ ਸਾਰੇ ਰਾਗਾਂ ਵਿਚੋਂ "ਦੀ ਨਾਈਨਟੀ ਐਂਡ ਨਾਈਨ" ਇਕ ਅਜਿਹਾ ਰਾਗ ਹੈ ਕਿ ਇਸਦੇ ਕਾਰਨ ਓਹਨਾਂ ਦੀ ਅਤਅੰਤ ਮਸ਼ਹੂਰੀ ਹੋਈ ਹੈ। ਇਸ ਰਾਗ ਦੇ ਗਾਉਨ ਤੋਂ ਪੇਹਲਾਂ ਕੁਝ ਚਿਰ ਹੋਇਆ ਹੈ ਕਿ ਸੈਨਕੀ ਸਾਹਿਬ ਨੇ ਡਨੌਰ ਦੇ ਇਕ ਅਜ ਕੱਲ ਦੇ ਵੱਡੇ ਅਕੱਠ ਵਿਚ ਆਪਣੀਆਂ ਸਾਰੀਆਂ ਰਚਨਾਂ ਵਿਚੋਂ ਇਕ ਇਸ ਪ੍ਰਸਿੱਧ ਰਾਗ ਦੀ ਅਸਲੀਅਤ ਦਾ ਹਾਲ ਸੁਨਾਇਆ ਸੀ। ਮੋਡੀ ਸਾਹਿਬ ਦੇ ਨਾਲ ਗਲਾਸਗੂ ਥੀਂ ਐਡਨਬਰਾ ਵਲ ਜਾਂਦਿਆਂ ਹੋਇਆਂ ਸੈਨਕੀ ਸਾਹਿਬ ਇਕ ਅਜਿਹੇ ਅਸਥਾਨ ਤੇ ਠੈਹਰ ਗਏ, ਜਿੱਥੇ ਅਖਬਾਰ ਵਿਕਦੇ ਸਨ, ਉਥੇ ਓਹਨਾਂ ਨੇ ਇਕ ਪੈਸੇ ਵਾਲਾ ਮਜ਼ਹਬੀ ਅਖਬਾਰ ਖ੍ਰੀਦਿਆ, ਜਦੋਂ ਓਹ ਦੋਵੇਂ ਅਰਥਾਤ ਸੈਨਕੀ ਸਾਹਿਬ ਅਤੇ ਮੋਡੀ ਸਾਹਿਬ ਗੱਡੀ ਵਿਚ ਜਾ ਰਹੇ ਸਨ। ਅਖਬਾਰ ਪੜ੍ਹਦਿਆਂ ਪੜ੍ਹਦਿਆਂ ਸੈਨਕੀ ਸਾਹਿਬ ਦੀ ਨਜ਼ਰ ਇਕ ਸਫੇ ਦੀ ਇਕ ਗੁੱਠ ਤੇ ਕੁਝਕੁ ਛੋਟੇ ੨ ਗੀਤਾਂ ਤੇ ਪਈ, ਮੋਡੀ ਸਾਹਿਬ ਵਲ ਧਿਆਨ ਕਰਕੇ ਕਿਹਾ, "ਮੈਂ ਹੁਣ ਤੋਂ ਇਸ ਆਪਣੇ ਭਜਨ ਨੂੰ ਗਾਂਵਿਆਂ ਕਰਾਂਗਾ"-ਪਰ ਮੋਡੀ ਸਾਹਿਬ ਆਪਣੇ ਕੰਮ ਵਿਚ ਰੁੱਝੇ ਹੋਏ ਸਨ ਓਹਨਾਂ ਨੇ ਕੁਝ ਨਾਂ ਸੁਣਿਆਂ। ਸੈਨਕੀ ਸਾਹਿਬ ਨੂੰ ਏਨਾਂ ਸਮਾਂ ਨਹੀਂ ਮਿਲਿਆ ਕਿ ਉਸ ਭਜਨ ਦੀ ਲੈ ਨੂੰ ਠੀਕ ਕਰ ਲੈਂਦੇ, ਇਸ ਵਾਸਤੇ ਓਹਨਾਂ ਨੇ ਏਹਨਾਂ ਗੀਤਾਂ ਨੂੰ ਆਪਣੇ ਰਾਗ ਵਾਲੀ ਕਾਪੀ ਵਿਚ ਲਿਖ ਲੀਤਾ।

ਇਕ ਦਿਨ ਐਡਨਬਰਾ ਵਿਖੇ ਇਕ ਬੜੀ ਪ੍ਰਭਾਵ ਵਾਲੀ ਮਜਲਸ ਹੋਈ, ਉਸ ਵਿਚ ਡਾਕਟਰ ਬੋਨ੍ਰ ਨੇ

"ਨੇਕ ਚਰਵਾਹੇ" ਦੇ ਸਿਰ ਲੇਖ ਤੇ ਇਕ ਵੱਡੀ ਸਾਰੀ ਵ੍ਯਾਖਿਆ ਕੀਤੀ, ਜਦੋਂ ਉਸਦੀ ਵਯਾਖਿਆ ਸਮਾਪਤ ਹੋਈ ਤਦੋਂ ਮੌਡ੍ਰੀ ਸਾਹਿਬ ਨੇ ਆਪਣੇ ਸਾਥੀ ਨੂੰ ਗਾਉਣ ਵਾਸਤੇ ਇਸ਼ਾਰਾ ਕੀਤਾ, ਉਸਦੇ ਦਿਲ ਵਿਚ ਇਹੀ ਖਿਆਲ ਆਇਆਂ ਕਿ ਮੈਂ ਤੇਈਵੀਂ ਜ਼ਬੂਰ ਗਾਵਾਂ, ਪਰ ਇਹ ਜ਼ਬੂਰ ਓਹ ਪੈਹਲਾਂ ਗਾਇਨ ਕਰ ਚੁਕਾ ਸੀ, ਫੇਰ ਉਸਦੇ ਦਿਲ ਵਿਖੇ ਇਹ ਖਿਆਲ ਆਇਆ ਕਿ ਮੈਨੂੰ ਰਾਗਨੀ ਤਾਂ ਮਲੂਮ ਨਹੀਂ, ਮੈਂ ਏਹਨਾਂ ਗੀਤਾਂ ਨੂੰ ਕਿਸਤਰਾਂ ਗਾਇਨ ਕਰ ਸਕਦਾ ਹਾਂ। ਉਪ੍ਰੰਤ ਇਕ ਹੋਰ ਖਿਆਲ ਆਇਆ ਅਰ ਓਹ ਖਿਆਲ ਇਹ ਸੀ ਕਿ ਕਿਸੇ ਭੀ ਰਾਗਨੀ ਵਿਚ ਓਹਨਾਂ ਹੀ ਗੀਤਾਂ ਨੂੰ ਗਾਂਵਿਆਂ ਜਾਵੇ, ਸੋ ਉਸਨੇ ਓਹਨਾਂ ਗੀਤਾਂ ਨੂੰ ਆਪਣੇ ਅੱਗੇ ਰੱਖ ਲੀਤਾ ਅਰ ਵਾਜਾ ਵਜਾਣਾ ਸ਼ੁਰੂ ਕੀਤਾ ਅਤੇ ਮੂੰਹ ਖੋਲ੍ਹਕੇ ਗਾਉਣ ਲੱਗਾ। ਉਸਨੂੰ ਇਹ ਮਲੂਮ ਨਹੀਂ ਸੀ ਕਿ ਮੈਂ ਕਿੱਥੇ ਜਾ ਨਿਕਲਾਂਗਾ, ਉਸਨੇ ਪੈਹਲਾ ਗੀਤ ਖਤਮ ਕੀਤਾ ਅਰ ਲੋਕ ਚੁਪ ਚਾਪ ਸੁਣਦੇ ਰਹੇ, ਫੇਰ ਉਸਨੇ ਇਕ ਲੰਮਾ ਹਾਉਕਾ ਭਰਿਆ ਅਰ ਅਸਚਰਜ ਹੋਕੇ ਆਪਣੇ ਦਿਲ ਵਿਚ ਆਖਿਆ, ਕਿ ਕਾਸ਼! ਮੈਂ ਦੂਜਾ ਗੀਤ ਭੀ ਏਸੇ ਤਰਾਂ ਗਾਇਨ ਕਰ ਸਕਾਂ, ਉਸਨੇ ਯਤਨ ਕੀਤਾ ਅਰ ਓਹ ਆਪਣੇ ਇਸ ਯਤਨ ਵਿਚ ਸਫਲਤਾ ਪ੍ਰਾਪਤ ਕਰ ਗਿਆ। ਉਸਦੇ ਪਿੱਛੋਂ ਗਾਉਣਾ ਸੌਖਾ ਸੀ, ਜਦੋਂ ਓਹ ਸਾਰਾ ਭਜਨ ਗਾਇਨ ਕਰ ਚੁਕਿਆ, ਤਾਂ ਸਾਰਾ ਅਕੱਠ ਬੇਅਖਤਿਆਰ ਹੋਇਆ ਹੋਇਆ ਰੋਣ ਲੱਗ ਪਿਆ। ਸੈਨਕੀ ਸਾਹਿਬ ਕਥਨ

ਕਰਦੇ ਹਨ ਕਿ ਇਹ ਮੇਰੇ ਜੀਵਨ ਦਾ ਅਤਜੰਤ ਨਾਜ਼ਕ ਸਮਾਂ ਸੀ। ਮੋਡੀ ਸਾਹਿਬ ਨੇ ਆਖਿਆ ਕਿ ਮੈਂ ਅਜਿਹਾ ਰਾਗ ਕਦੀ ਭੀ ਨਹੀਂ ਸੁਣਿਆਂ ਸੀ। ਇਹ ਰਾਗ ਹਰ ਇਕ ਮਜਲਸ ਵਿਚ ਗਾਇਨ ਕੀਤਾ ਗਿਆ ਅਰ ਝਟ ਪਟ ਸਾਰੇ ਸੰਸਾਰ ਵਿਚ ਫੈਲ ਗਿਆ।

ਜਦੋਂ ਅਸੀ ਆਪਣੇ ਅੰਦਰ ਅਤੀ ਉੱਤਮ ਦਰਜੇ ਦੇ ਇਲਹਾਮਾਂ ਦੇ ਲਿਆਉਣ ਲਈ ਤਿਆਰ ਹਾਂ, ਤਾਂ ਓਹ ਜ਼ਰੂਰ ਆਉਣਗੇ,ਜਦੋਂ ਅਸੀ ਈਸ਼੍ਵਰੀ ਬਾਣੀ ਵਲ ਧਿਆਨ ਨਹੀਂ ਕਰਦੇ, ਤਾਂ ਅਸੀ ਚਾਹੇ ਕਿਹਾ ਹੀ ਕੰਮ ਹੋਵੇ ਉਸ ਵਿਖੇ ਅਤੀ ਉੱਤਮ ਭਾਵ ਪ੍ਰਾਪਤ ਨਹੀਂ ਕਰ ਸਕਦੇ।

ਜੇ ਤੁਸੀ ਗ੍ਰੰਥ ਕਰਤਾ ਅਰਥਾਤ ਲੇਖਕ ਹੋ ਤਾਂ ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹੱਛੇ ਲੇਖ ਲਿਖਨ ਵਿਖੇ ਸਫਲਤਾ ਹੋਣਵਾਸਤੇ ਇਕ ਵੱਡੀ ਸਿਖਜਾ ਇਹ ਹੈ ਕਿ ਆਪਣੇ ਦਿਲ ਦੇ ਅੰਦਰ ਧਜਾਨ ਕਰੋ (ਸੋਚੋ) ਅਰ ਲਿਖੋ. ਜੋ ਖਿਆਲ ਅੰਦ੍ਰੋਂ ਪੈਦਾ ਹੋਵਨ ਓਹਨਾਂ ਨੂੰ ਹੀ ਪ੍ਰਗਟ ਕਰੋ ,ਅਰ ਕਿਸੇ ਤਰਾਂ ਦਾ ਭੈ ਨਾਂ ਕਰੋ ਅਰ ਆਤਮਾਂ ਦੀ ਪ੍ਰੇਰਨਾਂ ਤੇ ਠੀਕ ਠੀਕ ਅਮਲ ਕਰੋ।ਚੇਤਾ ਰਹੇ ਕਿ ਕੋਈ ਲੇਖਕ ਜਿਹਾਕਿ ਓਹ ਆਪ ਹੈ ਉਸਤੋਂ ਵਧੇਰੇ ਹੱਛਾ ਨਹੀਂ ਲਿਖ ਸਕਦਾ,·ਜੇ ਜ਼ਿਆਦਾ ਹੱਛਾ ਲਿਖਨਾ ਚਾਹੇ ਜਾਂ ਖਿਆਲ ਜ਼ਾਹਰ ਕਰਨਾ ਚਾਹੇ, ਤਾਂ ਇਹ ਜ਼ਰੂਰ ਹੈ ਕਿ ਆਪ ਭੀ ਬਹੁਤ ਹੀ ਹੱਛਾ ਹੋਵੇ। ਓਹ ਕੇਵਲ ਆਪਣੇ ਅੰਦ੍ਰਲੇ ਖਿਆਲਾਂ ਦੀ ਹੂਬਹੂ ਨਕਲ ਕਰਦਾ ਜਾਂਦਾ ਹੈ, ਇਕ ਤਰਾਂ ਨਾਲ ਓਹ ਆਪਣੇ

ਆਪ ਨੂੰ ਆਪਣੀ ਕਤਾਬ ਵਿਚ ਲਿਖਕੇ ਪ੍ਰਗਟ ਕਰਦਾ ਹੈ, ਇਸ ਵਾਸਤੇ ਜਿਸਤਰਾਂ ਦਾ ਓਹ ਆਪ ਹੈ ਉਸਤੋਂ ਵਧਕੇ ਓਹ ਆਪਣੀ ਪੁਸਤਕ ਵਿਚ ਪ੍ਰਗਟ ਨਹੀਂ ਕਰ ਸਕਦਾ।ਗੁਰਵਾਕ ਹੈ ਕਿ:-"ਜੋ ਜੀਅ ਹੋਇ ਸੋ ਉਗਵੈ"।

ਜੇ ਓਹ ਪੁਰਸ਼ ਆਪਣੇ ਆਪ ਤੇ ਭਰੋਸਾ ਰੱਖਦਾ ਹੈ, ਇਰਾਦੇ ਦਾ ਪੱਕਾ ਹੈ, ਮਲੂਮ ਕਰਨ ਵਿਚ ਗੰਭੀਰ ਹੈ ਅਰ ਅਤੀ ਉੱਤਮ ਦਰਜੇ ਦੇ ਇਲਹਾਮਾਂ ਨੂੰ ਆਪਣੇ ਅੰਦਰ ਲਿਆਉਣ ਲਈ ਸਦਾ ਤਿਆਰ ਰਹਿੰਦਾ ਹੈ,ਤਾਂ ਉਸਦੀ ਲਿਖੀ ਹੋਈ ਪੁਸਤਕ ਦੇ ਸਫਿਆਂ ਵਿਚ ਕੁਝ ਅਜਿਹੀ ਅਪਾਰ ਸ਼ਕਤੀ ਆ ਜਾਂਦੀ ਹੈ, ਜਿਸਤੋਂ ਕਿ ਓਹਨਾਂ ਸਫਿਆਂ ਵਿਚ ਜਾਨ ਪੈ ਜਾਂਦੀ ਹੈ ਅਰ ਮਾਨੋਂ ਓਹਨਾਂ ਵਿਚ ਏਨੀ ਅਦੁਤੀ ਤਾਕਤ ਆ ਜਾਂਦੀ ਹੈ ਕਿ ਪੜ੍ਹਨ ਵਾਲਿਆਂ ਨੂੰ ਭੀ ਓਹੀ ਇਲਹਾਮ ਸੁੱਝਨ ਲੱਗ ਜਾਂਦੇ ਹਨ, ਜੋ ਗ੍ਰੰਥ ਕਰਤਾ ਦੇ ਅੰਦਰ ਪ੍ਰਗਟ ਹੋਏ ਸਨ। ਜੋ ਕੁਝ ਸਤਰਾਂ ਵਿਚ ਲਿਖਿਆ ਹੋਇਆ ਹੁੰਦਾ ਹੈ ਕਈ ਵਾਰੀ ਉਸਦੇ ਪ੍ਰਤੱਖ ਅਰਥਾਂ ਦੀ ਬਾਬਤ ਓਹਨਾਂ ਦਾ ਅਸਲੀ ਭਾਵ ਕੁਝ ਹੋਰ ਹੁੰਦਾ ਹੈ। ਲੇਖਕ ਦੀ ਇਹੋ ਹੀ ਸਪਿਰਟ ਹੁੰਦੀ ਹੈ, ਜਿਸਤੋਂ ਕਿ ਇਹ ਤਾਕਤ ਪ੍ਰਗਟ ਹੁੰਦੀ ਹੈ , ਇਸਦੇ ਸਮਝਣ ਵਾਸਤੇ ਈਸ਼੍ਰਰੀ ਇਲਹਾਮ ਦੀ ਲੋੜ ਹੈ। ਗ੍ਰੰਥ ਕਰਤਾ ਨੇ ਜਿਸ ਨੀਯਤ ਨਾਲ ਲਿਖਿਆ ਹੈ ਉਸ ਅਸਲੀ ਭਾਵ ਦੀ ਤੈਹ ਨੂੰ ਪਹੁੰਚਨ ਤੋਂ ਇਹ ਅਦੁਤੀ ਤਾਕਤ ਪ੍ਰਾਪਤ ਹੁੰਦੀ ਹੈ । ਇਸਤਰਾਂ ਦਾ ਅਸਰ ਪੈਦਾ ਕਰਨ ਕਰਕੇ ਇਹ ਪੁਸਤਕ ਸਾਧਾਰਨ ਪੁਸਤਕਾਂ ਨਾਲੋਂ ਬਹੁਤ ਹੀ ਵਧ ਜਾਂਦੀ ਅਤੇ

ਉੱਤਮ ਤੋਂ ਉੱਤਮ ਦਰਜੇ ਦੀਆਂ ਪੁਸਤਕਾਂ ਵਿਚ ਗਿਣੀ ਜਾਂਦੀ ਹੈ, ਏਸੇ ਕਰਕੇ ਸੈਂਕੜੇ ਪੁਸਤਕਾਂ ਵਿਚੋਂ ਇਸ ਇਕ ਪੁਸਤਕ ਦੀ ਬਹੁਤ ਕੁਝ ਕਦਰ ਹੁੰਦੀ ਹੈ, ਅਰ ਕਈ ਵਾਰੀ ਛਪਕੇ ਹੱਥੋ ਹੱਥ ਵਿਕ ਜਾਂਦੀ ਹੈ ਅੌਰ ਨੜ੍ਹਿੰਨਵੇਂ ਪੁਸਤਕਾਂ ਅਜਿਹੀਆਂ ਹਨ ਕਿ ਓਹ ਇਕ ਹੀ ਵਾਰ ਛਪਕੇ ਰਹ ਜਾਂਦੀਆਂ ਹਨ। ਇਹੀ ਆਤਮਕ ਸ਼ਕਤੀ ਹੈ, ਜਿਸਨੂੰ ਆਪਣੇ ਆਪ ਤੇ ਭਰੋਸਾ ਕਰਨ ਵਾਲਾ ਗ੍ਰੰਥਕਾਰ ਆਪਣੀ ਉਸ ਰਚੀ ਹੋਈ ਪੁਸਤਕ ਵਿਖੇ ਪਾਉਂਦਾ ਹੈ ਅਰ ਏਸੇ ਕਰਕੇ ਓਹ ਝਟ ਪਟ ਵਿਕਦੀ ਚਲੀ ਜਾਂਦੀ ਹੈ, ਕਿਉਂਕਿ ਕਿਸੇ ਪੁਸਤਕ ਦੇ ਵਧੇਰੇ ਪ੍ਰਚੱਲਤ ਹੋਣ ਦਾ ਇਹੀ ਤ੍ਰੀਕਾ ਹੈ ਕਿ ਹਰ ਇਕ ਪੁਰਸ਼ ਉਸ ਪੁਸਤਕ ਨੂੰ ਆਪ ਪੜ੍ਹੇ ਅਤੇ ਹੋਰਨਾਂ ਨੂੰ ਸੁਣਾਏ। ਏਸੇ ਆਤਮਕ ਸ਼ਕਤੀ ਦੇ ਕਾਰਨ ਬਹੁਤ ਵਾਰੀ ਅਜਿਹਾ ਹੋਇਆ ਹੈ ਕਿ ਜਦੋਂ ਇਕ ਪੁਸਤਕ ਇਕ ਪੜ੍ਹਨ ਵਾਲੇ ਨੂੰ ਬਹੁਤ ਪਸੰਦ ਆਈ ਤਾਂ ਓਹ ਉਸਦੀਆਂ ਬਹੁਤ ਸਾਰੀਆਂ ਕਾਪੀਆਂ ਹੋਰਨਾਂ ਵਾਸਤੇ ਖਰੀਦ ਲੈਂਦਾ ਹੈ। ਐਮਰਸਨ ਸਾਹਿਬ ਦਾ ਕਥਨ ਹੈ ਕਿ :"ਇਕ ਹੱਛੀ ਕਵਿਤਾ ਦੀ ਪੁਸਤਕ ਸੰਸਾਰ ਵਿਚ ਯੋਗ ਪੁਰਸ਼ਾਂ ਦੇ ਪਾਸ ਪਹੁੰਚ ਜਾਂਦੀ ਹੈ ਅਰ ਇਹ ਲੋਕ ਉਸਨੂੰ ਅਤੀ ਪ੍ਰਸੰਨਤਾ ਨਾਲ ਪੜ੍ਹਦੇ ਹਨ ਅਰ ਆਪਣੇ ਵਰਗੇ ਯੋਗ ਗਵਾਂਢੀਆਂ ਨੂੰ ਪੜ੍ਹਨ ਵਾਸਤੇ ਦੇਂਦੇ ਹਨ, ਜਾਂ ਉਸਦੇ ਖ਼ਿਆਲ ਓਹਨਾਂ ਤੇ ਪ੍ਰਗਟ ਕਰਦੇ ਹਨ। ਇਸ ਜੁਗਤੀ ਨਾਲ ਇਹ ਪੁਸਤਕ ਸਿਆਣੇ ਅਤੇ ਉਦਾਰ ਆਤਮਾਂ ਪੁਰਖਾਂ ਨੂੰ ਆਪਣੇ ਵਲ ਖਿੱਚਦੀ ਹੈ ਅਰ ਓਹਨਾਂ ਦੇ ਅੰਦਰਲੇ ਖਿਆਲਾਂ ਦੀ ਤਸ-

ਦੀਕ ਕਰਦੀ ਹੈ ਅਤੇ ਓਹਨਾਂ ਦੀ ਦਿਲੀ ਹਮਦਰਦੀ ਦੇ ਕਾਰਨ ਅਸਲ ਵਿਚ ਆਪਣੇ ਆਪ ਨੂੰ ਪ੍ਰਕਾਸ਼ਤ ਕਰਦੀ ਹੈ।

ਇਹ ਇਸਤਰਾਂ ਦਾ ਮੁਸੰਨਫ (ਲੇਖਕ) ਹੈ ਜੋ ਇਸ ਖਿਆਲ ਨਾਲ ਨਹੀਂ ਲਿਖਦਾ ਕਿ ਮੇਰੀ ਪੁਸਤਕ ਵਿਦਜਕ ਪੁਸਤਕਾਂ ਵਿਚ ਦਾਖਲ ਹੋ ਜਾਵੇ, ਸਗੋਂ ਓਹ ਕੇਵਲ ਇਸ ਖਿਆਲ ਨਾਲ ਲਿਖਦਾ ਹੈ ਕਿ ਮੇਰੇ ਖਿਆਲਾਂ ਦਾ ਲੋਕਾਂ ਦੇ ਦਿਲਾਂ ਤੇ ਅਸਰ ਹੋਵੇ, ਮੈਂ ਉਨ੍ਹਾਂ ਵਾਸਤੇ ਅਤੀ ਉੱਤਮ ਅਰ ਅਮੋਲਕ ਸ਼ੈ ਪੈਦਾ ਕਰਾਂ। ਅਜਿਹੀ ਸ਼ੈ ਜਿਸਤੋਂ ਕਿ ਓਹਨਾਂ ਦੇ ਖਿਆਲ ਖੁੱਲੇ ਤੇ ਰਸੀਲੇ ਹੋਣ ਅਰ ਓਹਨਾਂ ਦਾ ਜੀਵਨ ਸੁੰਦਰ ਅਤੇ ਸ਼ੋਭਨੀਕ ਅਰ ਮਾਲਾ ਮਾਲ ਹੋ ਜਾਵੇ, ਜਿਸਤੋਂ ਓਹ ਉੱਤਮ ਜੀਵਨ ਨੂੰ ਪ੍ਰਤੀਤ ਕਰ ਸੱਕਨ ਅਰ ਨਾਲ ਹੀ ਉੱਚ ਦਰਜੇ ਦੀਆਂ ਸ਼ਕਤੀਆਂ ਅਰ ਖੁਸ਼ੀਆਂ ਨੂੰ ਪ੍ਰਾਪਤ ਕਰ ਸੱਕਨ, ਪਰ ਵਿਸ਼ੇਸ਼ ਕਰਕੇ ਸਦਾ ਹੀ ਅਜਿਹਾ ਹੁੰਦਾ ਹੈ ਕਿ ਜੋ ਇਹ ਮੁਸੰਨਫ ਲੋਕਾਂ ਦੇ ਦਿਲਾਂ ਤੇ ਅਸਰ ਕਰਨ ਵਿਖੇ ਸਫਲਤਾ ਪ੍ਰਾਪਤ ਕਰ ਲੈਣ, ਤਾਂ ਓਹ ਪੁਸਤਕ ਆਪਣੇ ਆਪ ਹੀ ਵਿਦਜਕ ਪੁਸਤਕਾਂ ਵਿਚ ਦਾਖਲ ਹੋ ਜਾਂਦੀ ਹੈ ਅਰ ਇਕ ਉੱਤਮ ਤਸਨੀਫ (ਰਚਨਾਂ) ਸਮਝੀ ਜਾਂਦੀ ਹੈ. ਅਰ ਜੇ ਓਹ ਆਦ ਤੋਂ ਹੀ ਇਹ ਖਿਆਲ ਰਖੰਦਾ ਕਿ ਇਹ ਪੁਸਤਕ ਵਿਦਜਕ ਪੁਸਤਕਾਂ ਵਿਚ ਦਾਖਲ ਹੋ ਜਾਵੇ ਅਰ ਏਸੇ ਵਾਸਤੇ ਲਿਖਦਾ ਤਾਂ ਉਸ ਪੁਸਤਕ ਦੀ ਏਨੀਂ ਕਦਰ ਨਾਂ ਹੁੰਦੀ।

ਉਲਟ ਇਸਦੇ ਜੋ ਪੁਰਸ਼ ਪਗਡੰਡੀਆਂ ਅਤੇ ਪਹੇ ਛੱਡਕੇ ਏਧਰ ਓਧਰ ਚਲਨ ਤੋਂ ਡਰਦਾ ਹੈ ਅਰ ਜੋ ਬਨਾਵਟੀ ਕੈਦਿਆਂ ਦਾ ਪਾਬੰਦ ਰਹਿੰਦਾ ਹੈ, ਜਾਂ ਇਹ ਆਖੋ ਕਿ ਜੋ ਪੁਰਸ਼ ਲਕੀਰ ਦਾ ਫਕੀਰ ਹੈ ਓਹ ਆਪਣੀ ਸੋਚ ਵਾਲੀ ਸ਼ਕਤੀ ਦੀਆਂ ਕਾਢਾਂ ਕੱਢਨ ਵਾਲੀਆਂ ਤਾਕਤਾਂ ਨੂੰ ਆਪਣੀਆਂ ਹੀ ਬਨਾਈਆਂ ਹੋਈਆਂ ਹੱਦਾਂ ਦੇ ਅੰਦਰ ਘੇਰੀ ਰੱਖਦਾ ਹੈ। ਵਰਤਮਾਨ ਕਾਲ ਦੇ ਮੁਸੰਨਫਾਂ ਵਿਚੋਂ ਇਕ ਅਤੀ ਪ੍ਰਸਿੱਧ ਮੁਸੰਨਫ ਦਾ ਬਿਆਨ ਹੈ, ਕਿ "ਮੇਰੀ ਪੁਸਤਕ ਵਿਚੋਂ ਚੰਨਣ ਦੇ ਬ੍ਰਿਛਾਂ ਦੀ ਸੁਗੰਧੀ ਆਵੇਗੀ ਅਰ ਸ਼ਹਦ ਦੀਆਂ ਮੱਖੀਆਂ ਦੀ ਭਿਨ ਭਨਾਹਟ ਦੀ ਅਵਾਜ਼ ਸੁਨਾਈ ਦੇਵੇਗੀ। ਸਲਾਰੇ ਜੋ ਆਪਣੇ ਆਹਲਨੇ ਬਨਾਨ ਵਾਸਤੇ ਆਪਣੀਆਂ ਚੁੰਝਾਂ ਵਿਚ ਕੱਖ ਤੀਲੇ ਲੈ ਕਰਕੇ ਮੇਰੀ ਖਿੜਕੀ ਵਿਚੋਂ ਵਖਾਲੀ ਦੇਂਦੇ ਹਨ, ਏਸ ਮੇਰੀ ਪੁਸਤਕ ਵਿਚ ਭੀ ਆਪਣੇ ਆਹਲਨੇ ਬਨਾਨਗੇ"। ਹੇ ਧੀਰਜਵਾਨ ਤੇ ਬੁੱਧੀਵਾਨ ਪੁਰਸ਼ ! ਇਹ ਬਹੁਤ ਹੀ ਹੱਛਾ ਹੈ ਕਿ ਇਸ ਪੁਸਤਕ ਵਿਚ ਚੰਨਣ ਦੇ ਬ੍ਰਿਛਾਂ ਦੀ ਸੁਗੰਧੀ ਆਵੇ ਅਰ ਸ਼ਹਦ ਦੀਆਂ ਮੱਖੀਆਂ ਦੀ ਭਿਨ ਭਨਾਹਟ ਸੁਨਾਈ ਦੇਵੇ, ਇਸ ਨਾਲੋਂ ਕਿ ਇਸ ਪੁਸਤਕ ਵਿਚ ਓਹਨਾਂ ਕਾਇਦਿਆਂ ਦੀ ਸੁਗੰਧੀ ਆਵੇ, ਜਾਂ ਓਹ ਕਾਇਦੇ ਭਰ ਦਿੱਤੇ ਜਾਵਨ ਜਿਨ੍ਹਾਂ ਨੂੰ ਕਿ ਇਕ ਤੁਛ ਯੋਗਤਾ ਦਾ ਪੁਰਸ਼ ਤੁਹਾਡੇ ਵਰਗੇ ਕੁਝ ਕੁ ਵੱਡੇ ੨ ਅਰ ਨਿਰਭੈਤਾ ਨਾਲ ਲਿਖਨ ਵਾਲੇ ਮੁਸੰਨਫਾਂ ਦੀਆਂ ਪੁਸ-ਤਕਾਂ ਦਾ ਮੁਤਾਲਿਆ ਕਰਕੇ ਗ੍ਰਹਣ ਕਰ ਲੈਂਦਾ

ਨਰਮ ਨਰਮ ਮੌਸਮ ਬਹਾਰ ਦੀ ਪੌਣ ਕਰਕੇ ਵੱਡੇ ੨ ਕਰਨੇਂ ਦੇ ਜੰਗਲ ਵਿਚੋਂ ਆ ਰਹੀ ਹੋਵੇ, ਹੇਠਾਂ ਜ਼ਮੀਨ ਤੇ ਡਿੱਗੀਆਂ ਹੋਈਆਂ ਕੁਝ ਕੁ ਸੁੱਕੀਆਂ ਲੱਕੜੀਆਂ ਦਾ ਪਟਾਕਨਾਂ।

ਜੇ ਤੁਸੀ ਗਜ਼ਾਨੀ ਹੋ ਜਾਂ ਕਿਸੇ ਮਜ਼ਹਬ ਦੇ ਪ੍ਰਚਾਰਕ ਹੋ, ਤਾਂ ਜੋ ਮਜ਼ਹਬੀ ਮਸਲੇ ਪੁਰਸ਼ਾਂ ਨੇ ਆਪ ਘੜ ਲੀਤੇ ਹਨ ਅਰ ਜਿਨ੍ਹਾਂ ਤੇ ਬਹੁਤ ਸਾਰੇ ਲੋਕਾਂ ਦਾ ਵਿਸ-ਵਾਸ ਹੈ, ਜਿੰਨਾ ਤੁਸੀ ਆਪਣੇ ਆਪ ਨੂੰ ਓਹਨਾਂ ਮਸ-ਲਿਆਂ ਤੋਂ ਬਰੀ ਸਮਝੋਗੇ ਅਰ ਜਿੰਨਾ ਤੁਸੀ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਆਉਨ ਦਿਉਗੇ, ਓਨੀਂ ਹੀ ਤੁਹਾਡੀ ਬਾਣੀ ਪ੍ਰਮਾਣੀਕ ਹੋਵੇਗੀ ਅਰ ਜਿੰਨਾ ਤੁਸੀ ਇਉਂ ਕਰੋਗੇ, ਓਨਾਂ ਤੁਸੀ ਨਬੀਆਂ (ਆਗੂਆਂ) ਦੇ ਬਚਨਾਂ ਦਾ ਮੁਤਾਲਿਆ ਘਟ ਕਰੋਗੇ ਅਰ ਆਪ ਨਬੀ (ਪੈਗੰਬਰ, ਆਗੂ) ਬਨਨ ਲੱਗ ਜਾਉਗੇ, ਇਹ ਰਸਤਾ ਉਸੇ ਤਰਾਂ ਤੁਹਾਡੇ ਵਾਸਤੇ ਠੀਕ ਅਜਿਹਾ ਹੀ ਖੁੱਲ੍ਹਾ ਹੋਇਆ ਹੈ ਜਿਹਾ ਕਿ ਕਿਸੇ ਹੋਰ ਦੇ ਵਾਸਤੇ ਸਦਾ ਤੋਂ ਖੁਲ੍ਹਾ ਹੋਯਾਹੈ।

ਯਾਦ ਰੱਖੋ ਕਿ ਸੰਸਾਰ ਵਿਚ ਜੋ ਵੱਡੇ ਵੱਡੇ ਨਬੀ ਪੈਗੰਬਰ ਅਤੇ ਔਲੀਆ ਹੋਏ ਹਨ, ਓਹਨਾਂ ਨੇ ਆਪ ਇਹ ਦਾਅਵਾ ਨਹੀਂ ਕੀਤਾ ਕਿ ਇਹ ਪਦਵੀ ਸਾਨੂੰ ਹੀ ਪ੍ਰਾਪੰਤ ਹੈ ਅਰ ਹੋਰ ਕੋਈ ਪੁਰਸ਼ ਇਸ ਪਦਵੀ ਤੇ ਨਹੀਂ ਪਹੁੰਚ ਸਕਦਾ। ਸੱਚ ਤਾਂ ਇਹ ਹੈ ਕਿ ਓਹਨਾਂ ਨੇ ਅਟੱਲ ਨਿਯਮਾਂ ਕੋਲੋਂ ਕੰਮ ਲੀਤਾ, ਈਸ਼੍ਵਰੀ ਰੌ ਨੂੰ ਆਪਣੇ ਅੰਦ੍ਰ ਸੁਤੰਤ੍ਰਤਾ ਨਾਲ ਦਾਖਲ ਹੋਨ ਦਿੱਤਾ, ਈਸ਼੍ਵਰ ਪ੍ਰਮਾਤਮਾਂ ਨਾਲ ਆਪਣੀ ਏਕਤਾ ਤੋਂ ਜਾਣੂੰ ਹੋਏ ਅਰ

ਉੱਚ ਦਰਜੇ ਦਾ ਪਵਿਤ੍ਰ ਜੀਵਨ ਬਤੀਤ ਕੀਤਾ, ਉਸਤੋਂ ਓਹਨਾਂ ਨੂੰ ਇਹ ਪਦਵੀ ਪ੍ਰਾਪਤ ਹੋਈ ਅਰ ਅਸੀ ਭੀ ਓਹਨਾਂ ਹੀ ਵਰਗਾ ਪਵਿਤ੍ਰ ਜੀਵਨ ਬਤੀਤ ਕਰਨ ਤੋਂ ਓਹਨਾਂ ਵਰਗੇ ਬਨ ਸਕਦੇ ਹਾਂ।

ਜੋ ਕੇਵਲ ਪ੍ਰਤੱਖ ਰਸਮਾਂਨੂੰ ਮਜ਼ਹਬ ਖ਼ਯਾਲਕੀਤਾਜਾਂਦਾ ਹੈ ਏਸਤੇ ਲੋਕ ਏਹਨਾਂ ਥੀਂ ਘ੍ਰਿਣਾ ਕਰਦੇਹਨ,ਏਸਲਈ ਬਹੁਤ ਸਾਰੇ ਘਟ ਹੈਸੀਅਤ ਦੇ ਲੋਕ ਤਾਂ ਇਹ ਆਖਦੇ ਹੋਏ ਸੁਣਾਈ ਦੇਂਦੇ ਹਨ ਕਿ ਮਜ਼ਹਬ ਨਸ਼ਟ (ਅਭਾਵ) ਹੁੰਦਾ ਜਾਂਦਾ ਹੈ ।ਹੁਣ ਇਹ ਸੁਆਲ ਹੈ ਕਿ ਜੋ ਚੀਜ਼ ਅਸਲ ਵਿਚ ਪੈਦਾ ਹੀ ਨਹੀਂ ਹੋਈ, ਓਹ ਅਭਾਵ ਕਿਸ ਤਰਾਂ ਹੋ ਸਕਦੀ ਹੈ ਅਰ ਆਮ ਲੋਕਾਂ ਦੇ ਲਿਹਾਜ ਨਾਲ ਤਾਂ ਮਜ਼ਹਬ ਅਜੇ ਹੁਣੇ ਜਨਮ ਲੈਨ ਲੱਗਾ ਹੈ, ਅਰਥਾਤ ਲੋਕ ਹੁਣ ਹੋਸ਼ ਵਿਚ ਆਏ ਹਨ ਅਰ ਸਮਝਦੇ ਜਾਂਦੇ ਹਨ ਕਿ ਅਸਲੀ ਮਜ਼ਹਬ ਕੀ ਸ਼ੈ ਹੈ। ਮਜ਼ਹਬ ਦਾ ਅਭਾਵ ਹੋਣਾ ਤਾਂ ਖਿਆਲ ਵਿਚ ਹੀ ਨਹੀਂ ਆ ਸਕਦਾ, ਮਜ਼ਹਬ ਆਤਮਾਂ ਦਾ ਅਜਿਹਾ ਹੀ ਅੰਗ ਹੈ ਜਿਹਾ ਕਿ ਆਤਮਾਂ ਕਰਤਾਰ ਦਾ ਅੰਗ (ਭਾਗ) ਹੈ ਅਰ ਜਦੋਂ ਤਾਈਂ ਕਿ ਈਸ਼੍ਵਰ ਅਤੇ ਜੀਵ ਕਾਇਮ ਹਨ, ਤਦੋਂ ਤਾਈਂ ਮਜ਼ਹਬ ਕਦਾਚਿੱਤ ਅਭਾਵ ਨਹੀਂ ਹੋ ਸਕਦਾ।

ਵਾਹਿਗੁਰੂਦਾ ਸ਼ੁਕਰਹੈ ਕਿ ਬਹੁਤ ਸਾਰੇ ਜਾਹਰੀ ਰੰਸਮ ਰਵਾਜ ਅਤੇ ਬੇਫਾਇਦਾ ਅਰ ਬੇਅਰਥ ਮਸਲੇ ਅਤੇ ਵਿਸਵਾਸ ਜਿਨ੍ਹਾਂ ਨੂੰ ਮਜ਼ਹਬ ਸਮਝਿਆ ਜਾਂਦਾ ਹੈ ਅਜ ਕੱਲ ਦੇ ਜ਼ਮਾਨੇ ਵਿਚ ਬਹੁਤ ਛੇਤੀ ਅਭਾਵ ਹੁੰਦੇ ਜਾਂਦੇ ਹਨ। ਓਹਨਾਂ ਦੇ ਅਭਾਵ ਹੋਣ ਦੇ ਦੋ ਤ੍ਰੀਕੇ ਹਨ, ਪੈਹਲਾ

ਇਹ ਕਿ ਬਹੁਤ ਸਾਰੇ ਲੋਕ ਇਸ ਜ਼ਾਹਰੀ ਮਜ਼ਹਬ ਤੋਂ ਤੰਗ ਆ ਗਏ ਜਾਂ ਉਕਤਾ ਗਏ ਅਰ ਓਹ ਆਪਣੇ ਦਿਲ ਵਿਚ ਸੰਮਝਣ ਲੱਗੇ ਹਨ ਕਿ ਕੇਵਲ ਇਨ੍ਹਾਂ ਜ਼ਾਹਰੀ ਗੱਲਾਂ ਦੇ ਕਰਨ ਤ੍ਰੋਂ ਕੁਝ ਨਾਂ ਕਰਨਾ ਚੰਗਾ ਹੈ ਅਰ ਓਹ ਇਸ ਜ਼ਾਹਰੀ ਮਜ਼ਹਬ ਨੂੰ ਇਸਤਰਾਂ ਛੱਡਦੇ ਜਾਂਦੇ ਹਨ ਜਿਹਾ ਕਿ ਬ੍ਰਿਛ ਸਿਆਲ ਦੇ ਆਦ ਵਿਚ ਪਤ ਝੜ ਹੋ ਜਾਂਦਾ ਹੈ। ਦੂਜਾ ਇਹ ਕਿ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਦੇ ਅੰਦਰ ਰੱਬੀ ਹਿਰਦਾਂ ਜੋਸ਼ ਮਾਰ ਰਿਹਾ ਹੈ ਅਰ ਜੋ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਆਉਣ ਦੇਂਦੇ ਹਨ ਅਰ ਇਹ ਨਵੇਂ ਢੰਗ ਦਾ ਜੀਵਨ ਪੁਰਾਣੇ ਜੀਵਨ ਨੂੰ ਪਰੇ ਧਕੇਲ ਰਿਹਾ ਹੈ। ਜਿਸਤਰਾਂ ਬਸੰਤ ਦੇ ਮੌਸਮ ਵਿਚ ਬ੍ਰਿਛ ਦੇ ਪੁਰਾਣੇ ਪੱਤਿਆਂ ਦੀ ਥਾਂ ਨਵੀਆਂ ਕਰੂੰ-ਬਲੀਆਂ ਫੁਟ ਆਉਂਦੀਆਂ ਹਨ ਅਰ ਜਿਸਤਰਾਂ ਕਿ ਲੋਕ ਹਰ ਪਾਸਿਓਂ ਉਸ ਪੁਰਾਣੇ ਮਜ਼ਹਬ ਨੂੰ ਛੱਡਦੇ ਜਾਂਦੇ ਹਨ, ਅਸਲ ਵਿਚ ਇਸ ਗੱਲ ਦੇ ਵੇਖਣ ਤੋਂ ਅਤੀ ਹੀ ਅਨੰਦ ਆਉਂਦਾ ਹੈ ਅਰ ਦਿਲ ਵਿਚ ਜੋਸ਼ ਪੈਦਾ ਹੁੰਦਾ ਹੈ।

ਸਾਡੇ ਮੰਦਰਾਂ ਗਿਰਜਿਆਂ ਅਤੇ ਮਸੀਤਾਂ ਵਿਚ ਜੋ ਲੋਕ ਕੇਵਲ ਪ੍ਰਤੱਖ ਰਸਮਾਂ ਨੂੰ ਮੰਨਣ ਵਾਲੇ ਹਨ ਅਰ ਜੋ ਅਸਲੀ ਮਜ਼ਹਬ ਦੀ ਸਿਖਜਾ ਦੂਜਿਆਂ ਨੂੰ ਨਹੀਂ ਕਰਦੇ, ਮਾਨੋਂ ਓਹ ਰੋਟੀ ਦੀ ਥਾਂ (ਅਧਿਕਾਰੀਆਂ ਨੂੰ) ਪੱਥਰ ਦੇਂਦੇ ਹਨ ਅਰ ਜਾਨ ਪੌਣ ਵਾਲੇ ਅਨਾਜ ਦੀ ਥਾਂ ਭੋਹ ਅਤੇ ਛਿੱਲੜ ਦੇਂਦੇ ਹਨ, ਜੇ ਓਹਨਾਂ ਲੋਕਾਂ ਦੀ ਥਾਂ ਅਜਿਹੇ ਲੋਕ ਹੋਵਨ, ਜਿਨ੍ਹਾਂ ਵਿਚ ਉੱਚ ਦਰਜੇ ਦੇ

ਇਲਹਾਮ ਆਉਂਦੇ ਰਹਿੰਦੇ ਹਨ ਅਰ ਰੱਬੀ ਨਿਯਮਾਂ ਦੇ ਅਨੁਸਾਰ ਜੀਵਨ ਬਤੀਤ ਕਰਦੇ ਹਨ। ਫੇਰ ਜੋ ਲੋਕ ਮਜ਼ਹਬ ਨੂੰ ਅਨਭਵ ਹੁੰਦਾ ਖਿਆਲ ਕਰਦੇ ਹਨ, ਉਹਨਾਂ ਨੂੰ ਪੁਛੋ: "ਅਸਲ ਵਿਚ ਭਖਿਆ' ਹੋਇਆ ਕੋਲਾ ਹੀ ਹੋਰਨਾਂ ਕੋਲਿਆਂ ਨੂੰ ਭਖਾਂਦਾ ਹੈ, ਬੁਝਿਆ ਹੋਇਆ ਨਹੀਂ ਭਖਾਂਦਾ"? ਇਸੇ ਵਾਸਤੇ ਜੋ ਲੋਕ ਆਪ ਰੱਬੀ ਇਲਹਾਮ ਦੇ ਮੰਨਨ ਵਾਲੇ ਹਨ ਅਰ ਜੋ ਏਸੇ ਕਰਕੇ ਲੋਕਾਂ ਨੂੰ ਅਤੀ ਹੀ ਵਡਮੁੱਲਾ ਅਰ ਅਰਥਵੰਦਾ ਸਨੇਹਾ ਦੇਣਾ ਚਾਹੁੰਦੇ ਹਨ ਅਰ ਜੋ ਇਸ ਸਨੇਹੇ ਨੂੰ ਅਜਿਹੀ ਜੋਸ਼ ਭਰੀ ਅਤੇ ਅਸਰ ਵਾਲੀ ਵਜਾਖਿਆ ਵਿਖੇ ਕਥਨ ਕਰ ਸਕਦੇ ਹਨ ਕਿ ਉਸਤੋਂ ਲੋਕਾਂ ਦੀਆਂ ਆਤਮਾਂ ਵਸ ਵਿਚ ਹੋ ਜਾਂਦੀਆਂ ਹਨ, ਅਜਿਹੇ ਪਵਿਤ੍ਰ ਅਤੇ ਸੱਚੇ ਪੁਰਸ਼ ਮੰਦਰਾਂ ਆਦਕਾਂ ਵਿਚ ਹੋਣੇ ਚਾਹੀਦੇ ਹਨ। ਫੇਰ ਤੁਸੀ ਵੇਖੋਗੇ ਕਿ ਮੰਦਰ, ਗਿਰਜੇ ਅਤੇ ਮਸੀਤਾਂ ਸੁੰਞੀਆਂ ਨਹੀਂ ਰਹਨਗੀਆਂ, ਉਹਨਾਂ ਵਿਚ ਏਨੇ ਲੋਕ ਆਉਣਗੇ ਕਿ ਉਹਨਾਂ ਵਾਸਤੇ ਥਾਂ ਭੀ ਨਹੀਂ ਮਿਲੇਗੀ "ਸਿੱਪ ਨੂੰ ਤੋੜਨ ਤੋਂ ਹੀ ਮੋਤੀ ਨਿਕਲ ਸਕਦਾ ਹੈ" ਇਸ ਵਾਸਤੇ ਸਾਡੇ ਕਿਸੇ ਨਵੇਂ ਇਲਹਾਮ ਜਾਂ ਨਵੀਂ ਅਸਮਾਨੀ ਪੁਸੰ-ਤਕ ਦੀ ਲੋੜ ਨਹੀਂ, ਜੋ ਕੁਝ ਸਾਡੇ ਪਾਸ ਹਰ ਥਾਂ ਅਰ ਹਰ ਮਜ਼ਹਬ ਵਿਚ ਮੌਜੂਦ ਹੈ, ਉਸਦੀ ਵਰਤਮਾਨ ਕਲਾ ਨੂੰ ਹਰਕਤ ਦੇਣ ਦੀ ਲੋੜ ਹੈ।" ਫੇਰ ਹੌਲੀ ਹੌਲੀ ਜਦੋਂ ਅਸੀ ਇਹਨਾਂ ਵਰਤਮਾਨ ਇਲਹਾਮਾਂ ਤੋਂ ਲਾਭ ਉਠਾ-ਵਾਂਗੇ, ਤਦੋਂ ਅਸੀ ਨਵੀਆਂ ਨਵੀਆਂ ਗੱਲਾਂ ਭੀ ਸੋਚਾਂਗੇ, ਪਰ ਪੈਹਲਾਂ ਤੋਂ ਹੀ ਇਹ ਗੱਲਾਂ ਨਹੀਂ ਸੁੱਝ ਸਕਦੀਆਂ।

ਇਕ ਪੁਰਸ਼ ਦਾ ਕਥਨ ਹੈ "ਕਿ ਸਾਰੀ ਸ੍ਰਿਸ਼ਟੀ ਵਿਚ ਮਾਨੁਖੀ ਆਤਮਾਂ ਨੂੰ ਇਸ ਗੱਲ ਦੀ ਲੋੜ ਨਹੀਂ ਹੈ ਕਿ ਪੁਰਾਣੇ ਤੇ ਮੰਨੇ ਪ੍ਰਮੰਨੇ ਮਜ਼ਹਬ ਬਾਬਤ ਅਤੀ ਜ਼ੋਰਦਾਰ ਤੇ ਸੁੰਦ੍ਰਤਾ ਭਰੀ ਵਿਆਖਿਆ ਨਾਲ ਸਿਖ੍ਯਾ ਕੀਤੀ ਜਾਵੇ, ਪਰ ਲੋੜ ਇਸ ਗੱਲ ਦੀ ਹੈ ਕਿ ਪ੍ਰਾਕਰਮੀ ਤੇ ਮਹਾਂ ਪ੍ਰਤਾਪੀ ਅਪੂਰਬ ਰੱਬੀ ਰੂਹ ਦ੍ਵਾਰੇ ਹਰ ਇਕ ਕੰਮ ਨੂੰ ਅਸਰਦਾਰ, ਲੁਭਾਇਮਾਨ ਤੇ ਦਿਲਖਿੱਚਵਾਂ ਬਨਾਇਆ ਜਾਵੇ। ਅਰ ਮੈਂ ਆਪਣੇ ਨਿਜ ਦੇ ਤਜਰਬੇ ਤੋਂ ਏਸ ਗੱਲ ਦੀ ਗਵਾਹੀ ਦੇ ਸਕਦਾ ਹਾਂ ਕਿ ਇਹ ਰੱਬੀ ਰੂਹ(ਆਤਮਕ ਸ਼ਕਤੀ)ਆਤਮਾਂ ਦੀਆਂ ਐਨ ਲੋੜਾਂ ਅਨੁ-ਸਾਰ ਇਸ ਉੱਤਮਤਾ ਨਾਲ ਅੰਗੀਕਾਰ ਕੀਤੀ ਜਾਂਦੀਹੈ, ਜਿਸਤਰਾਂ ਕਿ ਧਰਤੀ ਲਈ ਹਾੜ ਦੇ ਮਹੀਨੇ ਦੀ ਪ੍ਰਭਾਤ।

ਜਿਸਤਰਾਂ ਪ੍ਰਭਾਤੀ ਪੌਣ ਬ੍ਰਿਛਾਂ ਨੂੰ ਵਧੌਨ ਫੁਲੌਨ ਲਈ ਬੜੀ ਜ਼ਰੂਰੀ ਹੁੰਦੀ ਹੈ, ਇਸੇ ਤਰਾਂ ਰੱਬੀ ਰੂਹ ਪੁਰਖ ਦੀ ਆਤਮਾਂ ਨੂੰ ਉਸਦੇ ਵਿਤ ਅਨੁਸਾਰ ਪ੍ਰਫੁਲਤ ਕਰਨ ਲਈ ਬੜੀ ਜ਼ਰੂਰੀ ਹੈ।

ਰੱਬੀ ਰੂਹ ਦੀ ਨਿਆਈਂ ਆਤਮਾਂ ਦੇ ਕੇਂਦ੍ਰੀਯ ਚੱਕ੍ਰ ਨੂੰ ਚਲਾਉਨ ਵਾਲੀ ਹੋਰ ਕੋਈ ਵਸਤੂ ਨਹੀਂ ਹੈ, ਇਸ ਵਿਚ ਬਹੁਤ ਕੁਝ ਜੋਸ਼ ਆ ਜਾਂਦਾ ਹੈ, ਮਨੁਸ਼ ਵਿਚ ਨਵੇਂ ਸਿਰਿਓਂ ਜਾਨ ਪੈ ਜਾਂਦੀ ਹੈ, ਉਸਦੇ ਸਾਰੇ ਇੰਦ੍ਰੇ ਅਰ ਸੰਕਲਪ ਨਵੇਂ ਹੋਜਾਂਦੇ ਹਨ,ਉਸਦੀ ਅਕਲ ਉਸਦੇ ਲਗਾਉ ਅਤੇ ਸੋਚ ਸ਼ਕਤੀ ਸਾਰੀਆਂ ਹੀ ਨਵੇਂ ਸਿਰਿਓਂ ਜਨਮ ਲੈਂਦੀਆਂ ਹਨ । ਜਾਨ ਸੱਕਨ ਤੋਂ ਵਧੀਕ ਤਬ-ਦੀਲੀ ਉਸ ਵਿਚ ਹੋ ਆਉਂਦੀ ਹੈ ਅਰ ਉਸਨੂੰ ਅਸ-

ਚਰਜਤਾ ਹੁੰਦੀ ਹੈ ਕਿ ਇਸ ਦੈਵੀ ਰੂਹ ਤੋਂ ਕੀ ਕੀ ਸ਼ਕਤੀਆਂ ਉਸ ਪੁਰਸ਼ ਦੇ ਅੰਦਰ ਪ੍ਰਗਟ ਹੁੰਦੀਆਂ ਹਨ; ਓਹ ਮਲੂਮ ਕਰਦਾ ਹੈ ਕਿ ਮੇਰੀ ਅਸਲੀ ਤਾਕਤ ਵਰਨਨ ਤੋਂ ਅਯੋਗ ਹੈ, ਏਸੇ ਵਾਸਤੇ, ਉਸਨੂੰ ਨਿਸਚੇ ਹੋ ਜਾਂਦਾ ਹੈ ਕਿ ਅੱਗੋਂ ਨੂੰ ਜ਼ਰੂਰ ਹੋਰ ਭੀ ਖਜਾਲੋਂ ਬਾਹਰ ਅਸਚਰਜਤਾ ਜੁਨਕ ਗੱਲਾਂ ਵੇਖਨ ਵਿਚ ਆਉਨਗੀਆਂ ਅਰ ਮੈਂ ਆਪਣੇ ਪਾਠਕਾਂ ਪ੍ਰਤੀ ਬਿਨੈ ਕਰਦਾ ਹਾਂ ਕਿ ਏਸੇ ਵਿਚ ਈਸ਼੍ਵਰ ਪ੍ਰਮਾਤਮਾਂਦੀ ਹਸਤੀ ਅਤੇ ਇਨਸਾਨੀ ਅਫੱਲ ਆਸਾਂ ਦਾ ਹੋਣਾ ਸਿੱਧ ਹੁੰਦਾ ਹੈ। ਰੱਬੀ ਰੂਹ ਅਰਥਾਤ ਦੈਵੀ ਪ੍ਰਾਣ ਦੀ ਬਸੰਤੀ ਬਹਾਰ ਆਤਮਾਂ ਵਿਖੇ ਨਵੇਂ ਸਿਰੇਂ ਪ੍ਰਗਟ ਕਰੋ, ਇਸਦੇ ਡੂੰਘੇ ਦੱਬੇ ਹੋਏ ਸੰਸਕਾਰ (ਪ੍ਰਭਾਵ) ਜਗਾਕੇ ਆਪਣੇ ਅੰਦਰ ਸੁਰਗੀ ਚੁਮਾਸੇ ਦੀ ਲਹਰ ਲਗਾ ਲਵੋ, ਤਬ ਤੁਹਾਨੂੰ ਆਪਣੇ ਅੰਦਰੋਂ ਦੈਵੀ ਦਰਸ਼ਨ ਇਸਤਰਾਂ ਸਾਫ਼ਸਾਫ਼ ਨਜ਼ਰ ਆਵੇਗਾ, ਜਿਸਤਰਾਂ ਬਾਹਰੋਂ ਸ੍ਰਿਸ਼ਟੀ ਨਜ਼ਰ ਆਉਂਦੀ ਹੈ। ਅਸਲ ਵਿਚ ਤੁਹਾਡੇ ਕੁਦਰਤੀ ਤੇ ਸੰਸਾਰੀ ਬਾਹਰਲੇ ਤੇ ਉਪਰਾਂਊ ਤਜਰਬੇ ਨਾਲ ਤੁਹਾਡੇ ਜੀਵਨ ਦਾ ਅੰਤ੍ਰੀਵੀ ਤਜਰਬਾ ਅਰ ਪ੍ਰਮਾਤਮਾਂ ਵਿਖੇ ਬੇਅੰਤ ਆਸ ਦਾ ਹੋਣਾ ਤੁਹਾਡੇ ਉੱਤੇ ਬਹੁਤ ਜ਼ਿਆਦਾ ਨਿੱਕਿਆਂ ਤੇ ਆਪ ਨੂੰ ਫਲਦਾਈ ਹੋਵੇਗਾ।

ਬ੍ਰਹਮੰਡ ਭਰ ਵਿਚ ਤਾਕਤ ਦਾ ਸੋਮਾਂ ਕੇਵਲ ਇਕੋ ਹੀ ਹੈ, ਇਸ ਵਾਸਤੇ ਜੋ ਕੁਝ ਭੀ ਤੁਸੀ ਹੋਵੋ, ਚਾਹੇ ਚਿੱਤ੍ਰਕਾਰ, ਸੁੰਦਰ ਵਕਤਾ ਲੈਕਚਰਾਰ, ਬਜਾਈਏ, ਗ੍ਰੰਥਕਾਰ, ਅਥਵਾ ਧਾਰਮਿਕ ਉਪਦੇਸ਼ ਦਾਤਾ ਜਾਂ ਹੋਰ

ਭੀ ਜੋ ਕੁਝ ਹੋ ਸਕਦੇ ਹੋਵੋ, ਬੱਸ ਇਹ ਜਾਣ ਲਵੋ ਕਿ ਤਾਕਤ ਪ੍ਰਾਪਤ ਕਰਨ ਅਰ ਉਸਦੇ ਭੇਦ ਨੂੰ ।। ਲੈਣ ਦੇ ਇਹ ਅਰਥ ਹਨ ਕਿ ਬੇਅੰਤ ਸ਼ਕਤੀ ਦੇ ਨਾਲ ਮਿਲਕੇ ਇਸਤਰਾਂ ਕੰਮ ਕੀਤਾ ਜਾਵੇ ਕਿ ਓਹ ਬਰਾਬਰ ਤੁਹਾਡੇ ਵਿਚ ਦੀ ਕੰਮ ਕਰ ਅਤੇ ਪ੍ਰਗਟ ਹੋ ਸਕੇ। ਜੇ ਤੁਸੀ ਇਸ ਗੱਲ ਦੇ ਕਰਨ ਤੋਂ ਵਾਂਜੇ ਰਹੋਗੇ, ਤਾਂ ਹਰ ਇਕ ਗੱਲ ਵਿਖੇ ਹੀ ਹੀਣੇ ਰਹੋਗੇ, ਜੇ ਤੁਸੀ ਇਹ ਨਾਂ ਕਰ ਸਕੋਗੇ ਤਾਂ ਤੁਹਾਡਾ ਕੰਮ ਚਾਹੇ ਕੁਝ ਭੀ ਹੋਵੇ ਤੀਜੇ ਜਾਂ ਚੌਥੇ ਦਰਜੇ ਦਾ ਹੋਵੇਗਾ, ਅਰਥਾਤ ਬਹੁਤ ਹੀ ਨੀਚ ਹੋਵੇਗਾ। ਹੋ ਸਕਦਾ ਹੈ ਕਿ ਓਹ ਕਦੀ ਕਦੀ ਦੂਜੇ ਦਰਜੇ ਦਾ ਹੋ ਜਾਵੇ, ਪਰ ਇਹ ਸਾਫ ਹੈ ਕਿ ਓਹ ਅੱਵਲ ਦਰਜੇ ਦਾ ਕਦਾਚਿਤ ਨਹੀਂ ਹੋ ਸਕਦਾ, ਅਰ ਤੁਹਾਡੇ ਵਾਸਤੇ ਇਹ ਗੱਲ ਮੂਲੋਂ ਹੀ ਅਸੰਭਵ ਹੋਵੇਗੀ ਕਿ ਤੁਸੀ ਕਦੀ ਆਪਣੇ ਕੰਮ ਤੇ ਪੂਰੇ ੨ ਪ੍ਰਬਲ ਹੋ ਸਕੋ।

ਜੋ ਕੁਝ ਅਨੁਮਾਨ ਤੁਸੀ ਆਪਣੀ ਬਾਬਤ ਰੱਖਦੇ ਹੋ, ਉਸਤੋਂ ਤੁਹਾਡੇ ਵਿਸ਼ੇਸ਼ ਕੰਮ ਦੀ ਸਫਲਤਾ ਜਾਂ ਅਸਫਲਤਾ ਨਿਸਚੇ ਹੋ ਜਾਇਗੀ, ਜਦੋਂ ਤਾਈਂ ਕਿ ਤੁਸੀ ਸਥੂਲ (ਮਾਇਕ) ਅਤੇ ਸੂਖਮ (ਵਿਗਜਾਨਕ) ਸ੍ਰਿਸ਼ਟੀ ਵਿਚ ਜੀਵਨ ਬਤੀਤ ਕਰੋਗੇ, ਤਦੋਂ ਤਾਈਂ ਤੁਸੀ ਓਹਨਾਂ ਦੀ ਕੈਦ ਵਿਚ ਓਸੇ ਤਰਾਂ ਵਰਤਦੇ ਰਹੋਗੇ, ਪਰ ਜਦੋਂ ਤੁਸੀ ਬੇਅੰਤ ਜੀਵਨ ਅਤੇ ਸ਼ਕਤੀ ਨਾਲ ਆਪਣੀ ਏਕਤਾ ਅਨੁਭਵ ਕਰਨ ਲੱਗੋਗੇ ਅਰ ਉਸ ਅਪਾਰ ਸ਼ਕਤੀ ਨੂੰ ਆਪਣੇ ਅੰਦਰ ਸੁਤੰਤ੍ਰਤਾ ਨਾਲ ਆਉਣ ਦਿਓਗੇ, ਤਾਂ ਤੁਸੀ ਵੇਖੋਗੇ ਕਿ ਤੁਸੀ ਜੀਵਨ ਦੀ ਇਕ

ਨਵੀਂ ਸੂਰਤ ਵਿਚ ਦਾਖਲ ਹੋ ਗਏ ਅਰ ਹੁਣ ਤੁਹਾਡੀ ਤਾਕਤ ਨਿਤਾਪ੍ਰਤੀ ਵਧਦੀ ਜਾਂਦੀ ਹੈ। ਫੇਰ ਇਹ ਗੱਲ ਸਚ ਹੋਵੇਗੀ ਕਿ ਤੁਹਾਡੀ ਅਕੱਲਿਆਂ ਦੀ ਤਾਕਤ ਦਸ ਗੁਣੀ ਤਾਕਤ ਦੇ ਬਰਾਬਰ ਹੋਂ ਜਾਵੇਗੀ, ਕਿਉਂਕਿ ਤੁਹਾਡਾ ਚਿੱਤ ਸਾਫ ਹੋ ਚੁਕਾ ਹੈ।

ਲਿਆ ਜਦ ਮੈਂ ਜਨਮ ਤਦ ਤੋਂ ਅੱਡ ਨਹੀਂ ਕਰਤਾਰ। ਦਿੱਬਜ ਸ਼ਕਤਿਨ ਧਰਾ ਮੰਡਲ ਧਾਰੇ-ਗਾਰਿ ਪੁਕਾਰ । ਜਦ ਤੋਂ ਇਹ ਹੱਕ ਆਪਨਾ ਚਿਤਵ ਹੌਂ ਜਬ ਦੇਵ। ਜੀਉ ਖਿੜ ਖਿੜ ਆਇ ਮੇਰੋ ਫੁਲ ਪਜਾ ਜੀ ਏਵ ॥ ੧॥ ਮੇਘ ਸਉਗੰਧਿਤ ਸੁਗੰਧੀ ਬਹੁਰਿ ਚਾਰੋਂ ਓਰ । ਸੀਸ ਊਪਰ ਮੰਡਲਾਵੇ ਪਿਖੋਂ ਸਾਂਝਰੁ ਭੋਰ । ਅੰਤਰੀਵੀ ਭਾਵ ਮੋਂ ਸੁਖ ਜਨਕ ਦੀਪਕ ਰਾਗ। ਦਿੱਬਜ ਧੁਨੀਓਂ ਸੇ ਸੁਹਾਵਾ ਮੈਂ ਸੁਣਾਂ ਵਡਭਾਗ ॥ ੨ ॥ ਗਾਵਤੇ ਗੰਧਰਬ ਮਿਲ ਪਰਤੱਖ ਸੁੰਦਰ ਗੀਤ। ਉਰਧ ਸ਼ਕਤੀ ਮੈਂ ਲਖਾਂ ਪਰ ਤੱਤ੍ਰ 'ਸੱਤਾ ਰੀਤਿ। ਚਹੁੰ ਓਰ ਮੋਰੇ ਜਗ ਮਗੀ ਜੋ ਖੜੀ ਭਿਤ ਸਮਾਨ। ਚੁੱਕ ਧਰਤੀ ਉੱਪਰੋਂ ਮੁਹਿ ਧਰੇ ਪੁਰ ਅਸਮਾਨ ॥ ੩ ॥ (ਅੱਡ ਨਹਿ ਮੈਂ ਅੱਡ ਨਹਿ ਮੈਂ ਅੱਡ ਨਹਿ ਕਰ-ਤਾਰ। "ਉਰਾਰ ਸਾਜਨ ਪਾਰ ਪ੍ਰੀਤਮ" ਧਰਾਂ ਚੀਤ ਮਝਾਰ। ਮਸੁ ਮਸ੍ਹੀ ਨਿਰਤਿ ਸੁਰਤੀ ਖੂਬ ਕਰਾਇ। ਫਾੜ ਪਰਦੇ ਦੂਈ ਬਸ ਬ ਪੂਰ ਕੋ ਜਾਇ) ॥ ੪ ॥

—o—

੯. ਹਰ ਚੀਜ਼ ਦੀ ਅਧਕਤਾ, ਇਕਬਾਲ ਮੰਦੀ ਦੇ ਨਿਯਮ !

ਬਜੰਤੋ ਸਰੂਪਾ· ਆਪ ਪ੍ਰਭੁ ਜੀ ਦੇਤ ਅਤੁਟ ਭੰਡਾਰ । ਵਹੁ ਦੇਤ ਹੈ ਨਿਤ ਦੇਤ ਹੈ ਬੇਅੰਤ ਅਪਰ ਅਪਾਰ । ਨਹਿ ਰਖਾ ਕੋ ਕਛੁ ਘੱਟ ਕਬਹੂੰ ਅਪਨਿ ਅਪਨੀ ਠੌਰ ।ਇਕ ਸਮ ਕਰੰਤੇ ਦੂਸਰੇ ਇਕ ਕਾਜ ਗਉਰੇ ਹਉਰ ॥ ੧ ॥ ਕਰ ਹੈਂ ਹੰਕਾਰ ਨ ਆਪਮੋਂ ਜਉ ਕਾਜ ਬਿਗਰਿ ਕਦੀਨ । ਊਚੀ ਕਲਾ ਸਦ ਹੀ ਚੜ੍ਹੇ ਨਹਿ ਕਰੇ ਕਾਲ ਅਧੀਨ । ਬਸ ਏਕ ਸਮ ਸਭ ਕੋ ਲਖਨ ਨਿਜ ਤੁਲ ਸਭ ਭਰਪੂਰ। ਹੈ ਨਿਯਮ ਏਕੋ ਏਕਲਾ ਪੂਰਣ ਨ ਹੋਵੇ ਊਰ ॥ ੨ ॥

ਇਹ ਬੇਅੰਤ ਬਜੰਤਤਾ ਦੀ ਆਤਮਾਂ ਹੈ,ਅਰਥਾਤ ਓਹ ਤਾਕਤ ਜੋ ਸਾਰੀਆਂ ਪਰਤੱਖ ਚੀਜ਼ਾਂ ਨੂੰ ਮਾਇਕ ਹਾਲਤ ਵਿਚ ਲਿਆਂਈ ਹੈ ਅਰ ਸਦੀਵ ਲਿਆਉਂਦੀ ਰਹਿੰਦੀ ਹੈ, ਜੋ ਪੁਰਸ਼ ਇਸ ਅਪਾਰ ਸ਼ਕਤੀ ਨਾਲ ਆਪਣੀ ਏਕਤਾ ਅਨਭੁਉ ਕਰਕੇ ਜੀਵਨ ਬਤੀਤ ਕਰਦਾ ਹੈ,ਉਹ ਜੇਹੜੀਆਂ੨ ਚੀਜ਼ਾਂ ਨੂੰ ਨਿਰੰਤਰ ਪ੍ਰਾਪਤ ਕਰਨਾ ਚਾਹੁੰਦਾ ਹੈ ਚਮੁਕ ਪੱਥਰ ਦੀ ਨਿਆਈਂ ਓਹ ਉਹਨਾਂ ਨੂੰ ਬਰਾਬਰ ਆਪਣੇ ਵਲ ਖਿੱਚਨ ਵਾਲਾ ਬਨ ਜਾਂਦਾ ਹੈ।

ਜੇ ਕੋਈ ਪੁਰਸ਼ ਆਪਣੇ ਦਿਲ ਅੰਦਰ ਕੰਗਾਲ

ਪੁਣੇ ਦੇ ਖਿਆਲ ਰੱਖੇਗਾ, ਤਾਂ ਓਹ ਗਰੀਬ ਹੋਵੇਗਾ ਤੇ ਨਿਸਚੇ ਹੈ ਕਿ ਓਹ ਗਰੀਬੀ ਦੀ ਹਾਲਤ ਵਿਚ ਹੀ ਰਹੇਗਾ। ਜੇ ਕੋਈ ਪੁਰਸ਼ ਵਰਤਮਾਨ ਹਾਲਤਾਂ ਦਾ ਕੁਝ ਭੀ ਖਿਆਲ ਨਾਂ ਕਰਕੇ ਆਪਣੇ ਦਿਲ ਵਿਚ ਖੁਸ਼ਹਾਲੀ (ਇਕਬਾਲ ਵੰਦੀ) ਦਾ ਖਿਆਲ ਰੱਖੇਗਾ, ਤਾਂ ਓਹ ਓਹਨਾਂ ਸ਼ਕਤੀਆਂ ਨੂੰ ਹਰਕਤ ਵਿਚ ਲਿਆਉਂਦਾ ਹੈ ਜਿਨ੍ਹਾਂ ਤੋਂ ਓਹ ਕਦੀ ਨਾਂ ਕਦੀਂ ਜ਼ਰੂਰ ਖੁਸ਼ਹਾਲ ਹੋ ਜਾਏਗਾ। ਸਾਰੀ ਸ੍ਰਿਸ਼ਟੀ ਵਿਚ ਖਿੱਚ ਦਾ ਕਾਨੂਨ ਇਕਸਾਰ ਅਮਲ ਕਰਦਾ ਰਹਿੰਦਾ ਹੈ ਅਰ ਉਸ ਸੰਬੰਧੀ ਇਕ ਵੱਡੀ ਅਤੇ ਅਟੱਲ ਗੱਲ ਅਸਾਂ ਇਹ ਮਲੂਮ ਕੀਤੀ ਹੈ ਕਿ ਸਜਾਤੀ ਨੂੰ ਸਜਾਤੀ ਖਿੱਚਦਾ ਹੈ।

ਜੇ ਅਸੀ ਅਤੇ ਇਹ ਅਪਾਰ ਤਾਕਤ ਜੋ ਸਾਰੀਆਂ ਚੀਜ਼ਾਂ ਦਾ ਸੋਮਾਂ ਹੈ ਇਕ ਹੀ ਹਾਂ, ਤਾਂ ਜਿਨਾਂ ਅਸੀ ਇਸ ਏਕਤਾ ਨੂੰ ਨਿਸਚੇ ਕਰਕੇ ਜੀਵਨ ਬਤੀਤ ਕਰਾਂਗੇ, ਓਨਾਂ ਹੀ ਅਸੀ ਆਪੰਣੇ ਵਿਖੇ ਇਕ ਅਜਿਹੀ ਤਾਕਤ ਉਦੇ ਕਰ ਲਵਾਂਗੇ, ਜਿਸ ਕਰਕੇ ਆਪੰਣੇ ਲਈ ਚਿੱਤ ਦੇ ਅਨਕੂਲ ਅਤੇ ਪਸੰਦ ਆਉਨ ਵਾਲੀਆਂ ਸਾਰੀਆਂ ਚੀਜ਼ਾਂ ਸਾਨੂੰ ਬਿਓੜਕੀਆਂ ਪ੍ਰਾਪਤ ਹੋਨਗੀਆਂ। ਇਸਤਰਾਂ ਨਾਲ ਅਸੀ ਇਕ ਅਜਿਹੀ ਤਾਕਤ ਹਾਸਲ ਕਰਲਵਾਂਗੇ, ਜਿਸਦੇ ਕਾਰਨ ਅਸੀ ਮਨ ਭੌਂਦ੍ਹੀਆਂ ਹਾਲਤਾਂ ਨੂੰ ਹਰ ਵੇਲੇ ਪ੍ਰਾਪਤ ਕਰ ਸਕਾਂਗੇ।

ਜਿਸਤਰਾਂ ਕਿ ਇਸ ਵੇਲੇ ਸਾਰੀ ਸਚਾਈ ਮੌਜੂਦ ਹੈ ਅਰ ਸਾਨੂੰ ਕੇਵਲ ਉਸਨੂੰ ਮਲੂਮ ਕਰਨ ਦੀ ਲੋੜ ਹੈ, ਏਸੇ ਤਰਾਂ ਸਾਰੀਆਂ ਚੀਜ਼ਾਂ ਜੋ ਸਾਡੀਆਂ ਵਰਤਮਾਨ

ਲੋੜਾਂ ਲਈ ਲੁੜੀਂਦੀਆਂ ਹਨ ਇਸ ਵੇਲੇ ਮੌਜੂਦ ਹਨ ਅਰ ਸਾਡੀ ਕੇਵਲ ਉਸ ਤਾਕਤ ਦੀ ਉਡੀਕ ਕਰ ਰਹੀਆਂ ਹਨ,' ਜਿਸਤੋਂ ਅਸੀ ਏਹਨਾਂ ਸਾਰੀਆਂ ਨੂੰ ਆਪਣੇ ਕਬਜ਼ੇ ਵਿਚ ਕਰ ਲਵੀਏ। ਪ੍ਰਮਾਤਮਾਂ ਨੇ ਸਾਰੀਆਂ ਚੀਜ਼ਾਂ ਨੂੰ ਆਪਣੇ ਹੱਥ ਵਿਚ ਲਿਆ ਹੋਇਆ ਹ, ਉਸਦਾ ਸਦੀਵ ਇਹ ਹੁਕਮ ਹੈ ਕਿ ਹੇ ਮੇਰੇ ਬੱਚੇ! ਤੂੰ ਮੈਨੂੰ ਹਰ ਹਾਲਤ ਵਿਚ ਪ੍ਰਵਾਨ ਕਰ ਅਰ ਜਿੰਨਾ ਤੂੰ ਅਜੇਹਾ ਕਰੇਂਗਾ ਅਰ ਜਿੰਨਾ ਤੂੰ ਇਸਤੇ ਅਮਲ ਕਰੇਂਗਾ, ਉਨਾਂ ਹੀ ਇਹ ਜਾਨ ਲੈ ਕਿ ਜੋ ਕੁਝ ਮੇਰਾ ਹੈ ਓਹ ਤੇਰਾ ਹੈ! ਪ੍ਰਮਾਤਮਾਂ ਸਾਰੇ ਪੁਰਸ਼ਾਂ ਨੂੰ ਦਿਆਲਤਾ ਨਾਲ ਰੋਜ਼ੀ ਦੇਂਦਾ ਹੈ ਅਰ ਕਿਸੇ ਨੂੰ ਝਿੜਕ ਝੰਬ ਨਹੀਂ ਕਰਦਾ। ਅਸਲ ਵਿਚ ਜੋ ਲੋਕ ਨੇਕ ਬਣਕੇ ਅਤੇ ਸੱਚੀ ਤਾਬਿਆ ਦਾਰੀ ਧਾਰਨ ਕਰਕੇ ਉਸਤੋਂ ਮੰਗਦੇ ਹਨ ਓਹ ਓਹਨਾਂ ਸਾਰਿਆਂ ਤੇ ਬਖਸ਼ਸ਼ ਕਰਦਾ ਹੈ, ਓਹ ਕਿਸੇ ਨੂੰ ਹੱਛੀਆਂ ਚੀਜ਼ਾਂ ਲੈਨ ਲਈ ਮਜਬੂਰ ਨਹੀਂ ਕਰਦਾ।

ਏਸ ਪੁਰਾਣੇ ਅਰ ਕੁਝਕੁ ਵਰਤਮਾਨ ਖਿਆਲਾਂ ਦੀ ਉੱਕਾ ਕੋਈ ਨੀਂਹ ਨਹੀਂ ਹੈ ਕਿ ਪਵਿਤ੍ਰਤਾ ਅਤੇ ਗਰੀਬੀ ਦੋਵੇਂ ਮਿਲਦੀਆਂ ਜੁਲਦੀਆਂ ਹਨ ਅਰ ਜਿੰਨਾ ਜਲਦੀ ਅਸੀ ਏਸ ਖ੍ਯਿਆਲ ਨੂੰ ਛਡ ਦੇਵੀਏ, ਓਨਾਂ ਹੱਛਾ ਹੋਵੇਗਾ, ਇਹ ਖਿਆਲ ਏਸੇ ਤਰਾਂ ਪੈਦਾ ਹੋਇਆ ਜਿਸਤਰਾਂ ਕਿ ਸੰਨਿਆਸ (ਤਿਆਗ) ਦਾ ਖਿਆਲ ਪੈਦਾ ਹੋਇਆ ਸੀ।ਜਦੋਂ ਲੋਕਾਂ ਵਿਚ ਇਹ ਖਿਆਲ ਫੈਲਿਆ ਹੋਇਆ ਸੀ ਕਿ ਆਤਮਾਂ ਅਤੇ ਸਰੀਰ ਵਿਖੇ ਵਿਰੋਧ

ਜ਼ਰੂਰੀ ਹੈ, ਇਸ ਵਾਸਤੇ ਇਹ ਖਿਆਲ ਉਹਨਾਂ ਲੋਕਾਂ ਦੇ ਦਿਲਾਂ ਵਿਚ ਪੈਦਾ ਹੋਇਆ ,ਜੋ ਜੀਵਨ ਦੀ ਬਾਬਤ ਪੱਖਪਾਤ ਵਾਲੀ ਅਤੇ ਇਕਪਾਸੀ ਰਾਇ ਰੱਖਦੇ ਸਨ, ਅਸਲੀ ਪਵਿਤ੍ਰਤਾ ਇਕਤਰਾਂ ਨਾਲ ਅਸਲੀ ਸਿਆਣਪ ਹੈ। ਜੋ ਪੁਰਸ਼ ਸੱਚ ਮੁਚ ਸਿਆਣਾ ਬੁਧਵਾਨ ਹੈ ਅਰ ਜੋ ਪ੍ਰਮਾਤਮਾਂ ਦੀਆਂ ਬਖਸ਼ੀਆਂ ਹੋਈਆਂ ਸ਼ਕਤੀਆਂ ਤੋਂ ਕੰਮ ਲੈਂਦਾ ਹੈ, ਉਸਦੇ ਵਾਸਤੇ ਸਾਰੀ ਸ੍ਰਿਸ਼ਟੀ ਦਾ ਖਜ਼ਾਨਾ ਸਦੀਵ ਖੁੱਲ੍ਹਾ ਹੋਇਆ ਹੈ,ਜੋ ਕੋਈ ਕੁਝ ਮੰਗਦਾ ਹੈ ਸਦੀਵ ਉਸਦੀ ਇੱਛਾ ਦੇ ਅਨੁਸਾਰ ਉਸਨੂੰ ਮਿਲਦਾ ਹੈ, ਪਰ ਸ਼ਰਤ ਇਹ ਹੈ ਕਿ ਇਹ ਇੱਛਾ ਯੋਗਤ ਅਤੇ ਸਿਆਣਪ ਭਰੀ ਹੋਵੇ। ਜਦੋਂ ਕੋਈ ਪੁਰਸ਼ ਏਹਨਾਂ ਉੱਚ ਨਿਯਮਾਂ ਨੂੰ ਹੱਛੀ ਤਰਾਂ ਸਮਝ ਲੈਂਦਾ ਹੈ, ਤਾਂ ਉਸਦੇ ਦਿਲ ਨੂੰ ਗਰੀਬੀ ਜਾਂ ਲੋੜ ਦਾ ਡਰ ਕਦੀ ਤਕਲੀਫ ਨਹੀਂ ਪੁਚਾਂਦਾ। ਕੀ ਤੁਸੀ ਨੌਕਰੀ ਤੋਂ ਹਟਾਇ ਗਏ ਹੋ ਅਰ ਇਸ ਵਾਸਤੇ ਨੌਕਰੀ ਦੀ ਭਾਲ ਵਿਚ ਹੋ ? ਜੇ ਤੁਹਾਡੇ ਦਿਲ ਵਿਚ ਇਹ ਭੈ ਬੈਠ ਜਾਏ ਕਿ ਸਾਨੂੰ ਹੋਰ ਨੌਕਰੀ ਨਹੀਂ ਮਿਲੇਗੀ, ਤਾਂ ਪ੍ਰਪੱਕ ਹੈ ਕਿ ਕੁਝ ਚਿਰ ਪਿੱਛੋਂ ਸ਼ਾਇਦ ਤੁਹਾਨੂੰ ਕੋਈ ਨੌਕਰੀ ਮਿਲ ਜਾਵੇ, ਜਾਂ ਜੋ ਨੌਕਰੀ ਤੁਹਾਨੂੰ ਮਿ ਗੀ ਸੱਚ ਮੁਚ ਨੀਵੇਂ ਦਰਜੇ ਦੀ ਹੋਵੇਗੀ, ਚਾਹੇ ਹਾਲਤਾਂ ਜਾਂ ਅਉਸਰ ਕੁਝ ਭੀ ਹੋਵਨ। ਤੁਹਾਨੂੰ ਇਹ ਗੱਲ ਸਮਝਨੀ ਜ਼ਰੂਰੀ ਹੈ ਕਿ ਤੁਹਾਡੇ ਅੰਦਰ ਅਜਿਹੀਆਂ ਤਾਕਤਾਂ ਅਤੇ ਸ਼ਕਤੀਆਂ ਹਨ,ਜਿਨ੍ਹਾਂ ਨੂੰ ਵਰਤੋਂ ਵਿਚ ਲਿਆਉਨ ਤੋਂ ਤੁਸੀ ਸਾਰੇ ਪ੍ਰਤੱਖ ਜਾਂ ਓਛੇ ਨੁਕਸਾਨਾਂ ਤੇ ਪਬਲ ਹੋ ਸਕੋਗੇ, ਓਹਨਾਂ ਸ਼ਕਤੀਆਂ

ਨੂੰ ਵਰਤਨ ਤੋਂ ਤੁਸੀ ਆਪਣੇ ਅੰਦਰ ਇਕ ਆਕਰਖ਼ਣ ਸ਼ਕਤੀ ਕਾਇਮ ਕਰੋਗੇ, ਜਿਸਤੋਂ ਤੁਹਾਨੂੰ ਇਕ ਅਜੇਹੀ ਨੌਕਰੀ ਮਿਲ ਜਾਏਗੀ ਜੋ ਤੁਹਾਡੀ ਪੈਹਲੀ ਨੌਕਰੀ ਨਾਲੋਂ ਜਿਸਤੋਂ ਤੁਸੀ ਹਟਾਏ ਗਏ ਹੋ ਬਹੁਤ ਹੱਛੀ ਹੋਵੇਗੀ ਅਰ ਛੇਤੀ ਹੀ ਇਕ ਅਜਿਹਾ ਸਮਾਂ ਆਵੇਗਾ ਕਿ ਜਦੋਂ ਤੁਸੀ ਇਸ ਗੱਲ ਦਾ ਧੰਨਵਾਦ ਕਰੋਗੇ ਅਤੇ ਆਖੋਗੇ ਕਿ ਚੰਗਾ ਹੋਇਆ, ਪੈਹਲੀ ਨੌਕਰੀ ਹਟ ਗਈ।

ਇਹ ਜਾਨ ਲਵੋ ਕਿ ਤੁਹਾਡੇ ਅੰਦਰ ਅਰ ਤੁਹਾਡੇ ਦੁਆਰਾ ਓਹ ਬੇਅੰਤ ਸ਼ਕਤੀ ਕੰਮ ਕਰ ਰਹੀ ਹੈ, ਜੋ ਕਿ ਇਸ ਸ੍ਰਿਸ਼ਟੀ ਵਿਚ ਸਾਰੀਆਂ ਚੀਜ਼ਾਂ ਨੂੰ ਪੈਦਾ ਕਰਦੀ ਹੈ ਅਰ ਓਹਨਾਂ ਨੂੰ ਕਾਬੂ ਵਿਚ ਰੱਖਦੀ ਹੈ ਅਰ ਜੋ ਤਾਕਤ ਭਿੰਨ ਭਿੰਨ ਸ੍ਰਿਸ਼ਟੀਆਂ ਦੇ ਬੇਅੰਤ ਪ੍ਰਬੰਧਾਂ ਉੱਤੇ ਹਕੂਮਤ ਕਰਦੀ ਹੈ।ਖਿਆਲ ਨੂੰ ਉਠਾਓ ਕਜੋਂ ਜੁ ਖਿਆਲ ਇਕ ਸ਼ਕਤੀ ਹੈ ਅਰ ਜਦੋਂ ਇਸ ਖਿਆਲ ਨੂੰ ਠੀਕ ਰਸਤੇ ਤੇ ਲਾਇਆ ਜਾਵੇ ਅਰ ਸਿਆਣਪ ਨਾਲ ਉਸਦਾ ਆਗੂਪੁਣਾ ਕੀਤਾ ਜਾਵੇ, ਤਾਂ ਉਸ ਵਿਖੇ ਬੇਹੱਦ ਗੁੱਝੀ ਸ਼ਕਤੀ ਹੁੰਦੀ ਹੈ। ਏਸ ਲਈ ਇਹ ਖਿਆਲ ਪ੍ਰਗਟ ਕਰੋ ਕਿ ਯੋਗ ਨੌਕਰੀ ਜਾਂ ਯੋਗ ਕੰਮ ਯੋਗ ਸਮੇਂ ਵਿਚ ਉਚਿੱਤ ਰੀਤੀ ਨਾਲ ਮਿਲ ਜਾਏਗਾ ਅਰ ਜਦੋਂ ਓਹ ਕੰਮ ਤੁਹਾਨੂੰ ਮਿਲ ਜਾਵੇ, ਤਾਂ ਤੁਸੀ ਉਸਨੂੰ ਪਛਾਣ ਲਵੋਗੇ, ਏਸੇ ਖਿਆਲ ਤੇ ਜੰਮੇ ਰਹੋ, ਉਸਨੂੰ ਕਮਜ਼ੋਰ ਨਾਂ ਹੋਨ ਦਿਓ, ਇਸਤੇ ਪੱਕੇ ਰਹੋ ਅਰ ਪੱਕੀ ਆਸ ਨਾਲ ਇਸਨੂੰ ਸਦੀਵ ਤਰੋਤਾਜ਼ਾ ਕਰਦੇ ਰਹੋ, ਇਸਤਰਾਂ ਨਾਲ ਤੁਸੀ ਆਪਣਾ ਇਸ਼ਤਿਹਾਰ ਮਾਨੋਂ ਇਕ ਸਰੀਰਿਕ,

ਇਕ ਆਤਮਕ, ਇਕ ਐਸੇ ਪਰਚੇ ਵਿਚ ਛਪਵਾਂਦੇ ਹੋ, ਜਿਹੜਾ ਕਿ ਥੋਹੜੇ ਲੋਕਾਂ ਦੇ ਕੋਲ ਨਹੀਂ ਜਾਂਦਾ, ਸਗੋਂ ਇਹ ਇਸ ਸੰਸਾਰ ਵਿਚ ਸਾਰੀ ਸ੍ਰਿਸ਼ਟੀ ਦੀਆਂ ਦੂਰ ਦੂਰ ਦੀਆਂ ਹੱਦਾਂ ਤਾਈਂ ਪੁਜ ਜਾਂਦਾ ਹੈ। ਇਸਤੋਂ ਛੁਟ ਜੇ ਇਹ ਇਸ਼ਤਿਹਾਰ ਤੁਹਾਡੇ ਵਲੋਂ ਯੋਗ ਰੀਤੀ ਨਾਲ ਦਿੱਤਾ ਜਾਵੇ, ਤਾਂ ਉਸਤੋਂ ਵਧੇਰੇ ਸਫਲਤਾ ਪ੍ਰਾਪਤ ਹੋਵੇਗੀ ਅਰ ਏਨੀਂ ਸਫਲਤਾ ਕਿਸੇ ਛਪੇ ਹੋਏ ਕਾਗਜ਼ੀਅਖਬਾਰਵਿਚਦੇਨਤੋਂਨਹੀਂ ਹੋਸਕਦੀ,ਭਾਵੇਂ ਓਹ ਅਖਬਾਰ ਇਸ਼ਤਿਹਾਰ ਦੇ ਦੇਨ ਦਾ ਹੱਛਾ ਵਸੀਲਾ ਕਿਉਂ ਨਾ ਸਮਝਿਆ ਜਾਂਦਾ ਹੋਵੇ। ਜਿੰਨਾ ਤੁਸੀ ਇਸ ਗੱਲ ਨੂੰ ਹੱਛੀ ਤਰਾਂ ਸਮਝੋਗੇ ਅਰ ਉੱਚ ਨਿਯਮਾਂ ਅਤੇ ਸ਼ਕ-ਤੀਆਂ ਦੇ ਅਨੁਸਾਰ ਜੀਵਨ ਬਤੀਤ ਕਰੋਗੇ, ਓਨਾਂ ਤੁਸੀ ਇਹ ਕੰਮ ਹੱਛੀ ਰੀਤੀ ਨਾਲ ਕਰ ਸਕੋਗੇ। ਜੇ ਤੁਸੀ ਅਖਬਾਰਾਂ ਵਿਚ ਅਜਿਹੇ ਇਸ਼ਤਿਹਾਰਾਂ ਨੂੰ ਪੜ੍ਹਨਾ ਚਾਹੋ, ਤਾਂ ਸਾਧਾਰਨ ਰੀਤੀ ਨਾਲ ਨਾਂ ਪੜ੍ਹੋ, ਉੱਚ ਤੋਂ ਉੱਚ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਓ ਅਰ ਇਸ ਤਰਾਂ ਨਾਲ ਇਸਦੀ ਨੀਂਹ ਅਤੀ ਉੱਚੀ ਰੱਖੋ, ਜਦੋਂ ਤੁਸੀ ਅਖਬਾਰ ਪੜ੍ਹਨ ਲੱਗੋ ਤਾਂ ਅੰਤਸ਼ਕਰਨ ਦੀ ਨਿਮਨ ਲਿਖਤ ਹਾਲਤ ਅੰਖਤਿਆਰ ਕਰੋ, ਜੇ ਇਸ ਪਰਚੇ ਵਿਚ ਕੋਈ ਅਜਿਹਾ ਇਸ਼ਤਿਹਾਰ ਹੈ ਜਿਸਦਾ ਉੱਤਰ ਦੇਣਾ ਮੇਰੇ ਵਾਸਤੇ ਹੱਛਾ ਹੋਵੇਗਾ, ਤਾਂ ਜਿਉਂ ਹੀ ਮੈਂ ਇਸ ਇਸ਼ਤਿਹਾਰ ਤੇ ਆਵਾਂਗਾ ਮੈਂ ਉਸਨੂੰ ਪਛਾਨ ਲਵਾਂਗਾ। ਇਹ ਆਖੋ ਇਸ ਉੱਤੇ ਯਕੀਨ ਕਰੋ ਅਰ ਆਸ ਰੱਖੋ। ਜੇ ਤੁਸੀ ਇਹ ਗੱਲ ਪੂਰੇ ਪੂਰੇ ਵਿਸਵਾਸ

ਨਾਲ ਕਰ ਲਵੋ, ਤਾਂ ਜਦੋਂ ਤੁਸੀ ਠੀਕ ਇਸ਼ਤਿਹਾਰ ਤੇ ਆ ਜਾਓਗੇ, ਤਦੋਂ ਤੁਹਾਡੀ ਆਤਮਾਂ ਤੁਹਾਨੂੰ ਹਦਾਇਤ ਕਰੇਗੀ ਅਰ ਇਹ ਅੰਦਰੂਲੀ ਸਿਖਜਾ ਕੇਵਲ ਇਹੀ ਹੈ ਕਿ ਤੁਹਾਡੀ ਆਤਮਾਂ ਤੁਹਾਡੇ ਨਾਲ ਗੱਲਾਂ ਕਰ ਰਹੀ ਹੈ, ਜਦੋਂ ਤੁਹਾਡੀ ਆਤਮਾਂ ਤੁਹਾਨੂੰ ਇਸਤਰਾਂ ਹਦਾਇਤ ਕਰੇ ਤਾਂ ਝਟ ਉਸਤੇ ਅਮਲ ਕਰੋ।

ਜੇ ਤੁਹਾਨੂੰ ਨੌਕਰੀ ਮਿਲ ਜਾਵੇ ਅਰ ਇਹ ਨੌਕਰੀ ਤੁਹਾਡੀ ਮਨਸ਼ਾ ਦੇ ਅਨੁਸਾਰ ਨਾਂ ਹੋਵੇ ਅਰ ਜੇ ਤੁਸੀ ਇਹ ਅਨਭਵ ਕਰੋ ਕਿ ਤੁਹਾਨੂੰ ਇਸਤੋਂ ਵਧੀਕ ਹਛੇਰੀ ਨੌਕਰੀ ਮਿਲਨੀ ਲੋੜੀਦੀ ਸੀ, ਤਾਂ ਜਿਉਂ ਹੀ ਤੁਸੀ ਇਹ ਨੌਕਰੀ ਮਨਜ਼ੂਰ ਕਰੋ, ਉਸ ਵੇਲੇ ਆਪਣੇ ਦਿਲ ਵਿਚ ਇਹ ਸਮਝ ਲਓ ਕਿ ਇਹ ਨੌਕਰੀ ਕੇਵਲ ਇਕ ਵਸੀਲਾ ਹੈ, ਜਿਸਤੋਂ ਤੁਸੀ ਹੋਰ ਹਛੇਰੀ ਨੌਕਰੀ ਲੈ ਸਕੋਗੇ। ਇਸ ਖਿਆਲ ਤੇ ਦ੍ਰਿੜ੍ਹਤਾ ਨਾਲ ਕਾਇਮ ਰਹੋ, ਉਸਨੂੰ ਆਖੋ ਉਸ ਉੱਤੇ ਯਕੀਨ ਕਰੋ ਅਰ ਉਸਦੀ ਆਸ ਰੱਖੋ ਅਰ ਜੋ ਨੌਕਰੀ ਤੁਹਾਨੂੰ ਹੁਣ ਮਿਲੀ ਹੈ ਉਸਨੂੰ ਅਤੀ ਵਫਾਦਾਰੀ ਅਰ ਸਿਰ ਸੁੱਟ ਮੇਹਨਤ ਨਾਲ ਪੂਰਨ ਕਰੋ, ਜੇ ਤੁਸੀ ਉਸ ਨੌਕਰੀ ਵਿਚ ਆਪਣਾ ਕੰਮ ਵਫਾਦਾਰੀ ਨਾਲ ਨਾਂ ਕਰੋਗੇ, ਤਾਂ ਨਿਸਚੇ ਹੈ ਕਿ ਇਹ ਨੌਕਰੀ ਤੁਹਾਨੂੰ ਉਸਤੋਂ ਹਛੇਰੀ ਨੌਕਰੀ ਮਿਲਨ ਦਾ ਵਸੀਲਾ ਨਾਂ ਹੋਵੇਗੀ, ਸਗੋਂ ਇਸਤੋਂ ਅਤੀ ਬੁਰੀ ਨੌਕਰੀ ਦੇ ਮਿਲਨ ਦਾ ਕਾਰਨ ਹੋਵੇਗੀ। ਜੇ ਤੁਸੀ ਆਪਣੀ ਇਸ ਨੌਕਰੀ ਵਿਚ ਵਫਾਦਾਰੀ ਨਾਲ ਕੰਮ ਕਰੋਗੇ, ਤਾਂ ਹੋ ਸਕਦਾ ਹੈ ਕਿ ਅਜਿਹਾ ਸਮਾਂ ਛੇਤੀ ਆ ਜਾਵੇ, ਜਦੋਂ

ਤੁਸੀ ਧੰਨਵਾਦੀ ਹੋਵੋਗੇ ਅਰ ਖੁਸ਼ ਰਹੋਗੇ ਕਿ ਤੁਹਾਡੀ ਪੁਰਾਣੀ ਨੌਕਰੀ ਹਟ ਗਈ।

ਇਕਬਾਲ ਮੰਦੀ ਦਾ ਕਾਨੂੰਨ ਇਹ ਹੈ ਕਿ ਜਦੋਂ ਪ੍ਰਤੱਖ ਦੁਰਭਾਗਤਾ ਦੀਆਂ ਨਸ਼ਾਨੀਆਂ ਪ੍ਰਗਟ ਹੋਨ, ਤਾਂ ਹਿੰਮਤ ਨਾਂ ਹਾਰੋ, ਸਗੋਂ ਉਸਤੋਂ ਜਿੱਥੋਂ ਤਕ ਹੋ ਸਕੇ ਲਾਭ ਉਠਾਓ ਅਰ ਹਮੇਸ਼ਾ ਹੱਛੀਆਂ ਚੀਜ਼ਾਂ ਅਤੇ ਇਕਬਾਲ ਮੰਦ ਹਾਲਤਾਂ ਦੀ ਆਸ ਰੱਖੋ। ਆਪਣੇ ਮਨ ਨੂੰ ਇਸ ਹਾਲਤ ਵਿਚ ਰੱਖਨ ਤੋਂ ਤੁਸੀ ਓਹਨਾਂ ਛੇਤੀ ਉੱਪੜਨ ਵਾਲੀਆਂ (ਸੂਖਮ) ਚੁਪ ਅਤੇ ਟਾਕਰੇ ਦੇ ਅਯੋਗ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਉਂਦੇ ਹੋ, ਜਿਸਤੋਂ ਤੁਹਾਡਾ ਖਿਆਲ ਕਦੀ ਨਾਂ ਕਦੀ ਪ੍ਰਤੱਖ ਸੂਰਤ ਗ੍ਰਹਣ ਕਰ ਲਵੇਗਾ, ਜਿਹੜਾ ਕਿ ਅਜ ਕੇਵਲ ਖਿਆਲ ਮਾਤ੍ਰ ਹੈ। ਖਿਆਲਾਂ ਵਿਚ ਗੁੱਝੀ ਤਾਕਤ ਹੁੰਦੀ ਹੈ ਅਰ ਖਿਆਲਾਂ ਨੂੰ ਦਿਲ ਵਿਚ ਯੋਗ ਰੀਤੀ ਨਾਲ ਥਾਂ ਦੇਣ ਅਤੇ ਵਿਸਤਾਰ ਕਰਨ ਤੋਂ ਓਹ ਪਰਤੱਖ ਸੂਰਤ ਅਖ-ਤਿਆਰ ਕਰ ਲੈਂਦੇ ਹਨ।

ਇਕ ਮਿੰਟ (ਪਲਕ) ਭੀ ਸ਼ਕਾਇਤ ਕਰਨ ਵਿਚ ਨਾਂ ਲਾਓ, ਸਗੋਂ ਉਸ ਸਮੇਂ ਤੋਂ ਇਹ ਲਾਭ ਉਠਾਓ ਕਿ ਜੋ ਹਾਲਤਾਂ ਤੁਸੀ ਚਾਹੁੰਦੇ ਹੋ ਓਹਨਾਂ ਦੀ ਪ੍ਰਾਪਤੀ ਦੀ ਆਸ ਰੱਖੋ, ਆਪਣੇ ਦਿਲ ਵਿਚ ਆਪਣੀ ਭਲਿਆਈ ਦਾ ਖਿਆਲ ਰੱਖੋ ਅਰ ਆਪਣੇ ਆਪ ਨੂੰ ਉੱਚ ਦਸ਼ਾ ਵਿਚ ਵੇਖੋ, ਇਹ ਆਖੋ ਕਿ ਅਸੀ ਛੇਤੀ ਹੀ ਇਕਬਾਲ ਮਦੀ ਅਰ ਉੱਚ ਦਸ਼ਾ ਵਿਖੇ ਪਹੁੰਚ ਜਾਵਾਂਗੇ। ਇਸ ਗੱਲ ਨੂੰ ਹੌਲੀ ਨਾਲ ਪਰ ਤਸੱਲੀ ਅਤੇ ਪੱਕਿਆਂ ਇਰਾਦੇ

ਨਾਲ ਪ੍ਰਗਟ ਕਰੋ, ਇਸ ਗੱਲ ਵਿਖੇ ਪੂਰਨ ਯਕੀਨ ਕਰੋ, ਇਸ ਗੱਲ ਦੀ ਪੱਕੀ ਆਸ ਰੱਖੋ ਅਰ ਸਦੀਵ ਇਹ ਖਿਆਲ ਰੱਖੋ ਕਿ ਇਹ ਸਾਡੀਆਂ ਆਸਾਂ ਫਲ ਲਿਆਉਣਗੀਆਂ । ਇਸਤਰਾਂ ਨਾਲ ਤੁਹਾਡੇ ਅੰਦਰ ਆਪਣੀਆਂ ਲੋੜੀਂਦੀਆਂ ਚੀਜ਼ਾਂ ਨੂੰ ਆਪਣੇ ਵਲ ਖਿੱਚਨ ਵਾਸਤੇ ਇਕ ਆਕਰਖਣ ਸ਼ਕਤੀ ਪੈਦਾ ਹੋ ਜਾਵੇਗੀ । ਏਹਨਾਂ ਗੱਲਾਂ ਨੂੰ ਸਮਝਾਨ ਅਤੇ ਪ੍ਰਗਟ ਕਰਨ ਤੋਂ ਕਦੀ ਭੀ ਨਾਂ ਡਰੋ, ਕਿਉਂਕਿ ਇਸਤਰਾਂ ਕਰਨ ਤੋਂ ਤੁਸੀ ਇਕ ਅਜਿਹਾ ਖਿਆਲ ਪ੍ਰਗਟ ਕਰੋਗੇ, ਜੋ ਆਪਣੇ ਆਪ ਪਰਤੱਖ ਸੂਰਤ ਅਖਤਿਆਰ ਕਰਨ ਲੱਗ ਪਵੇਗਾ, ਇਸਤਰਾਂ ਨਾਲ ਤੁਸੀ ਇਸ ਸੰਸਾਰ ਵਿਚ ਅਤੀ ਹੀ ਛੇਤੀ ਪਹੁੰਚਨ ਵਾਲੇ ਅਤੇ ਤਾਕਤ ਵਾਲੇ ਵਸੀਲਿਆਂ ਤੋਂ ਲਾਭ ਉਠਾਓਗੇ। ਜੇ ਤੁਸੀ ਖਾਸ ਕਰਕੇ ਕੋਈ ਅਜਿਹੀ ਚੀਜ਼ ਚਾਹੁੰਦੇ ਹੋ ਜਿਸਦਾ ਹੋਣਾ ਤੁਸੀ ਆਪਣੇ ਵਾਸਤੇ ਹੱਛਾ ਅਤੇ ਯੋਗ ਸਮਝਦੇ ਹੋ, ਜਿਸਤੋਂ ਤੁਹਾਡੇ ਜੀਵਨ ਦਾ ਘੇਰਾ ਖੁੱਲਾ ਹੋਵੇ, ਜਾਂ ਜਿਸਦੇਕਾਰਨ ਤੁਸੀ ਹੋਰਨਾਂ ਨੂੰ ਜ਼ਿਆਦਾ ਲਾਭ ਪੁਚਾ ਸਕੋ, ਤਾਂ ਇਹ ਖਿਆਲ ਆਪਣੇ ਦਿਲ ਅੰਦਰ ਬੰਨ੍ਹੋਂ ਕਿ ਯੋਗ ਸਮੇਂ ਤੇ ਯੋਗ ਤ੍ਰੀਕੇ ਨਾਲ ਅਰ ਯੋਗ ਵਸੀਲੇ ਨਾਲ ਤੁਹਾਨੂੰ ਇਕ ਅਜਿਹਾ ਤ੍ਰੀਕਾ ਸੁਝੇਗਾ, ਜਾਂ ਅਜਿਹਾ ਸਾਮਾਨ ਬਨ ਜਾਵੇਗਾ, ਜਿਸਤੋਂ ਤੁਸੀ ਆਪਣੀ ਮੁਰਾਦ (ਭੌਣੀ) ਤਾਈਂ ਪੁਜ ਜਾਓਗੇ।

ਮੈਨੂੰ ਇਕ ਨੌਜੁਆਨ ਭਲੇ ਮਾਨਸ ਦੀ ਪੁਤ੍ਰੀ ਦਾ ਹਾਲ ਮਲੂਮ ਹੈ ਕਿ ਉਸਨੂੰ ਕੁਝ ਚਿਰ ਪੈਹਲਾਂ ਕੁਝ

ਰੁਪੇ ਦੀ ਬਹੁਤ ਲੋੜ ਸੀ, ਇਹ ਰੁਪਯਾ ਉਸਨੂੰ ਕਿਸੇ ਭਲੇ ਕੰਮ ਲਈ ਲੋੜੀਦਾ ਸੀ ਅਰ ਉਸਦੇ ਦਿਲ ਵਿਖੇ ਇਹ ਖਿਆਲ ਆਇਆ ਕਿ ਕੋਈ ਕ਼ਾਰਨ ਨਹੀਂ ਕਿ ਮੈਨੂੰ ਰੁਪਯਾ ਨਾਂ ਮਿਲੇ। ਇਹ ਓਹ ਇਸਤ੍ਰੀ ਹੈ ਜਿਸਨੇ ਅੰਦ੍ਰਲੀਆਂ ਸ਼ਕਤੀਆਂ ਨੂੰ ਸੁਮਝ ਲੀਤਾ ਹੈ, ਉਸਨੇ ਆਪਣੇ ਮਨਨੂੰ ਓਸ ਆਤਮਿਕ ਹਾਲਤ ਵਿਖੇ ਇਸਥਿਤ ਕੀਤਾ, ਜਿਸਨੂੰ ਅਸੀ ਹੁਣੇ ਹੀ ਵਰਨਣ ਕਰ ਹਟੇ ਹਾਂ। ਸਵੇਰ ਵੇਲੇ ਕੁਝਕ ਮਿੰਟਾਂ ਤਾਈਂ ਓਹ ਚੁਪ ਚਾਪ ਅਫਰ ਬੈਠੀ ਰਹੀ, ਏਸਤਰਾਂ ਨਾਲ ਉਸਨੇ ਉੱਚ ਤੋਂ ਉੱਚ ਸ਼ਕਤੀਆਂ ਨਾਲ ਪਿਆਰ ਪ੍ਰਗਟ ਕੀਤਾ, ਦਿਨ ਬੀਤਨ ਤੋਂ ਪਹਿਲਾਂ ਇਕ ਭਲਾਮਾਨਸ ਆਦਮੀ ਉਸਦੇ ਮਕਾਨ ਤੇ ਆਇਆ, ਜਿਹੜਾ ਕਿ ਉਸ ਖਾਨਦਾਨ ਵਿਚੋਂ ਸੀ, ਜਿਸ ਖਾਨਦਾਨ ਥੀਂ ਇਹ ਇਸਤ੍ਰੀ ਜਾਣੂੰ ਸੀ ਉਸ ਪੁਰਸ਼ ਨੇ ਉਸਨੂੰ ਪੁਛਿਆ ਕਿ ਕੀ ਤੁਸੀ ਸਾਡੇ ਖਾਨ ਦਾਨ ਵਾਸਤੇ ਜੋ ਕੰਮ ਅਸੀ ਕਰਾਣਾ ਚਾਹੁੰਦੇ ਹਾਂ ਕਰ ਦੇਵੋਗੇ ? ਓਹ ਕੁਝ ਹੈਰਾਨ ਹੋਈ ਕਿ ਇਹ ਲੋਕ ਮੈਥੋਂ ਖਾਸ ਕੰਮ ਕਿਉਂ ਕਰਾਣਾ ਚਾਹੁੰਦੇ ਹਨ? ਪਰ ਉਸ ਇਸਤ੍ਰੀ ਨੇ ਆਪਣੇ ਦਿਲ ਵਿਚ ਕਿਹਾ: "ਇਹ ਕੰਮ ਈਸ਼੍ਵਰ ਵਲੋਂ ਮੈਨੂੰ ਮਿਲਿਆ ਹੈ, ਮੈਂ ਇਸਨੂੰ ਪ੍ਰਵਾਨ ਕਰਦੀ ਹਾਂ ਅਰ ਵੇਖਦੀ ਹਾਂ ਕਿ ਇਸਦਾ ਅੰਤ ਕੀ ਹੋਵੇਗਾ" ਉਸਨੇ ਓਹ ਕੰਮ ਪ੍ਰਵਾਨ ਕੀਤਾ ਅਰ ਚੰਗੀਤਰਾਂ ਨਾਲ ਉਸਨੂੰ ਪੂਰਾ ਕੀਤਾ। ਜਦੋਂ ਓਹ ਕੰਮ ਪੂਰਾ ਕਰ ਚੁਕੀ ਤਾਂ ਓਹਨਾਂ ਨੇ ਉਸਨੂੰ ਇਨਾਂ ਜ਼ਿਆਦਾ ਰੁਪਯਾ ਦਿੱਤਾ ਕਿ ਉਨੇ ਦੀ ਉਸਨੂੰ ਆਸ ਹੀ ਨਾਂ ਸੀ। ਉਸ

ਇਸਤ੍ਰੀ ਨੇ ਖਿਆਲ ਕੀਤਾ ਕਿ ਜੋ ਕੰਮ ਮੈਂ ਕੀਤਾ ਹੈ ਇਹ ਰੁਪਯਾ ਉਸਦੀ ਮਜੂਰੀ ਤੋਂ ਬਹੁਤ ਹੀ ਵਧੀਕ ਹੈ, ਉਸਨੇ ਲੈਨ ਤੋਂ ਇਨਕਾਰ ਕੀਤਾ। ਉਸ ਖਾਨਦਾਨ ਦੇ ਲੋਕਾਂ ਨੇ ਉੱਤ੍ਰ ਵਿਚ ਇਹ ਆਖਿਆ: "ਇਹ ਰੁਪਯਾ ਵਧੀਕ ਨਹੀਂ ਹੈ, ਜੋ ਕੁਝ ਅਸੀ ਤੁਹਾਨੂੰ ਦੇਂਦੇ ਹਾਂ ਉਸਤੋਂ ਵਧਕੇ ਤੁਸਾਂ ਸਾਡੀ ਸੇਵਾ ਕੀਤੀ ਹੈ" ਜੋ ਕੰਮ ਓਹ ਇਸਤ੍ਰੀ ਕਰਨਾ ਚਾਹੁੰਦੀ ਸੀ, ਉਸਦੇ ਵਾਸਤੇ ਇਹ ਰੁਪਯਾ ਬਹੁਤ ਹੀ ਕਾਫੀ ਸੀ, ਸਗੋਂ ਵਧੀਕ ਸੀ।

ਉੱਚ ਤੋਂ ਉੱਚ ਤਾਕਤਾਂ ਨੂੰ ਸਿਆਣਪ ਅਤੇ ਸਫਲਤਾ ਨਾਲ ਵਰਤਨ ਦੇ ਬਾਰੇ ਵਿਚ ਬਹੁਤ ਸਾਰੀਆਂ ਮਿਸਾਲਾਂ ਹਨ, ਓਹਨਾਂ ਵਿਚੋਂ ਇਕ ਮਿਸਾਲ ਇਹ ਭੀ ਹੈ। ਇਸਤੋਂ ਇਹ ਭੀ ਸਿਖਯਾ ਮਿਲਦੀ ਹੈ ਕਿ ਹੱਥ ਤੇ ਹੱਥ ਧਰ ਕੇ ਨਾਂ ਬੈਹ ਜਾਓ ਅਰ ਇਹ ਆਸ ਨਾਂ ਕਰੋ ਕਿ ਚੀਜ਼ਾਂ ਆਪਣੇ ਆਪ ਬਿਨਾਂ ਹੱਥ ਪੈਰ ਹਲਾਨ ਤੋਂ ਤੁਹਾਡੀ ਗੋਦ ਵਿਚ ਆਕੇ ਪੈਣਗੀਆਂ, ਸਗੋਂ ਉੱਚ ਤੋਂ ਉੱਚ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਓ ਅਰ ਉਸ ਵੇਲੇ ਜੋ ਚੀਜ਼ ਸਭ ਤੋਂ ਪੈਹਲਾਂ ਤੁਹਾਡੇ ਸਾਹਮਣੇ ਆਵੇ ਉਸਤੋਂ ਲਾਭ ਉਠਾਓ, ਜੋ ਕੰਮ ਤੁਹਾਨੂੰ ਮਿਲੇ ਉਸਨੂੰ ਕਰੋ ਅਰ ਹੱਛੀ ਤਰਾਂ ਨਾਲ ਕਰੋ। ਜੇ ਇਹ ਕੰਮ ਪੂਰਾ ਪੂਰਾ ਤੁਹਾਡੀ ਮਨਸ਼ਾ ਦੇ ਅਨੁਸਾਰ ਨਹੀਂ ਹੈ, ਤਾਂ ਫੇਰ ਇਹ ਆਖੋ ਇਸਤੇ ਭਰੋਸਾ ਕਰੋ ਅਰ ਨਿਸਚਾ ਰੱਖੋ ਕਿ ਇਹ ਕੰਮ ਕੇਵਲ ਇਕ ਵਸੀਲਾ ਹੈ, ਜਿਸ ਕਰਕੇ ਤੁਹਾਨੂੰ ਹੋਰ ਹੱਛਾ ਕੰਮ ਮਿਲ ਸਕੇਗਾ: "ਇਸ ਸ੍ਰਿਸ਼ਟੀ ਵਿਚ ਚੰਗੀ ਤੋਂ ਚੰਗੀ ਸ਼ੈ ਜੋ ਤੁਹਾਨੂੰ ਮਿਲ ਸਕਦੀ ਹੈ

ਉਸਨੂੰ ਆਪਣੇ ਵਲ ਖਿੱਚ ਕਰਨ ਦੀ ਨੀਂਹ ਇਹ ਹੈ ਕਿ ਪੈਹਲਾਂ ਓਹਨਾਂ ਚੀਜ਼ਾਂ ਨੂੰ ਆਪਣੇ ਅੰਤਸ਼ਕਰਨ ਵਿਚ ਜਿਸਨੂੰ ਲੋਕ ਭੁਲੇਖੇ ਨਾਲ ਕ੍ਰੇਵਲ 'ਖਿਆਲ' ਆਖਦੇ ਹਨ, ਅਕੱਠੇ ਕਰੋ ਮੰਨੋਂ ਅਰ ਵਰਤੋਂ ਵਿਚ ਲਿਆਓ। ਜਿਨ੍ਹਾਂ ਚੀਜ਼ਾਂ ਨੂੰ ਅਸੀ ਖਿਆਲ ਜਾਂ ਵਹਿਮ ਆਖਦੇ ਹਾਂ, ਓਹ ਅਸਲ ਵਿਚ ਅਸਲੀ ਸ਼ੈ ਹਨ ਅਰ ਅਦ੍ਰਿਸ਼ਜ ਤੱਤ ਦੀਆਂ ਸ਼ਕਤੀਆਂ ਹਨ। ਆਪਣੇ ਮਨ ਵਿਚ ਮਹੱਲਾਂ ਦਾ ਖਿਆਲ ਕਰੋ ਅਰ ਓਹਨਾਂ ਵਿਚ ਜੀਵਨ ਬਤੀਤ ਕਰੋ ਅਰ ਤੁਸੀ ਵੇਖੋਗੇ ਕਿ ਹੌਲੀ ਹੌਲੀ ਮਹੱਲਾਂ ਦੇ ਆਸ ਪਾਸ ਦੀਆਂ ਚੀਜ਼ਾਂ ਅਰ ਮਹੱਲ ਤੁਹਾਡੇ ਪਾਸ ਚਲੇ ਆਵਨਗੇ। ਪਰ ਇਸ-ਤਰਾਂ ਜੀਵਨ ਬਤੀਤ ਕਰਨ ਤੋਂ ਇਹ ਭਾਵ ਨਹੀਂ ਕਿ ਤੁਸੀ ਹੋਰਨਾਂ ਨੂੰ ਵੇਖ ਵੇਖਕੇ ਝੂਰੋ, ਜਾਂ ਖਾਹਸ਼ ਕਰੋ ਕਿ ਹਾਇ! ਸਾਨੂੰ ਇਹ ਚੀਜ਼ ਕਿਉਂ ਨਾਂ ਲੱਧੀ। ਭਾਵ ਇਹ ਹੈ ਕਿ ਤੁਸੀ ਸੰਸਾਰ ਵਿਚ ਨੀਵੀਂ ਦਸ਼ਾ ਵਿਚ ਰਹਿ ਕੇ ਆਰਾਮ ਅਤੇ ਧ੍ਰਪੱਕਤਾ ਨਾਲ ਇਹ ਖਿਆਲ ਕਰੋ ਕਿ ਅਸੀ ਹੱਛੀ ਹਾਲਤ ਵਿਚ ਹਾਂ। ਇਸ ਵਿਖੇ ਅਨੰਦ ਇਹ ਹੈ ਕਿ ਜੇ ਤੁਸੀ ਲੋਹੇ ਦੇ ਲੁਹਾਂਡੇ ਵਿਚ ਖਾਣਾ (ਭੋਜਨ) ਖਾਂਦੇ ਹੋ, ਤਾਂ ਤੁਸੀ ਇਹ ਖਿਆਲ ਕਰੋ ਕਿ ਇਸ ਲੋਹੇ ਦੀ ਬਾਟੀ ਤੋਂ ਪਿੱਛੋਂ ਜ਼ਰੂਰ ਸਾਨੂੰ ਚਾਂਦੀ ਦਾ ਥਾਲ ਮਿਲੇਗਾ, ਸਗੋਂ ਇਹ ਮਤਲਬ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਚਾਂਦੀ ਦਾ ਥਾਲ ਨਹੀਂ ਲੱਭਦਾ ਇਸਤਰਾਂ ਦੀ ਸ਼ਕਾਇਤ ਕਰਨ ਜਾਂ ਬੁੜ ਬੁੜ ਕਰਨ। ਓਹ ਬੁੜ ਬੁੜੌਣਾ ਤਾਂ ਮਾਨੋਂ ਇਕ ਐਸੀ ਪੂੰਜੀ ਹੈ ਜੋ ਅਸਾਂ ਨੇ ਆਪਣੀ

ਆਤਮਕ ਸ਼ਕਤੀ ਦੇ ਖਜ਼ਾਨੇ ਵਿਚੋਂ ਕੱਢ ਕੇ ਸੁਟ ਦਿੱਤੀ ਹੈ।

ਮੇਰਾ ਇਕ ਮਿੱਤ੍ਰ ਹੈ, ਇਹ ਪੁਰਸ਼ ਅੰਤ੍ਰੀਵੀ ਸ਼ਕ-ਤੀਆਂ ਤੋਂ ਜਾਣੂੰ ਹੈ ਅਰ ਆਪਣਾ ਜੀਵਨ ਹਰ ਤਰਾਂ ਨਾਲ ਓਹਨਾਂ ਦੇ ਅਨੁਸਾਰ ਬਤੀਤ ਕਰਦਾ ਹੈ, ਉਸਨੇ ਸੈਨਤ ਨਾਲ ਨਿਮਨ ਲਿਖਤ ਹਾਲਤ ਵਿਚ ਵਰਨਨ ਕੀਤਾ ਹੈ। ਜਦੋਂ ਤੁਸੀ ਰਿੱਛ ਦੇ ਪੰਜਿਆਂ ਵਿਚ ਫਸੇ ਹੋਏ ਹੋਵੋ, ਭਾਵੇਂ ਉਸਨੇ ਤੁਹਾਨੂੰ ਹੱਛੀ ਤਰਾਂ ਨਪੀੜ ਰੱਖਿਆ ਹੋਵੇ, ਫੇਰ ਭੀ ਤੁਸੀ ਉਸਦੇ ਚੇਹਰੇ ਵਲ ਵੇਖਦੇ ਰਹੋ ਅਰ ਖਿੜ ੨ ਕੇ ਹੱਸੋ, ਪਰ ਏਸ ਵਿਚ ਆਪਣੀ (ਅੰਦ੍ਰਲੀ) ਨਜ਼ਰ ਛੁਟਕਾਰੇ ਤੇ ਰੱਖੋ, ਜੇ ਤੁਸੀ ਆਪਣਾ ਸਾਰਾ ਧਿਆਨ ਰਿੱਛ ਦੇ ਕੰਮ ਤੇ ਦੇਵੋਗੇ, ਤਾਂ ਹੋ ਸਕਦਾਹੈ ਕਿ ਬਚਾ ਦਾ ਯਤਨ ਤੁਹਾਡੀ ਨਜ਼ਰ ਤੋਂ ਉਹਲੇ ਹੋਜਾਵੇ। ਜਾਂ ਏਹਆਖੋ ਕਿ ਜੇ ਤੁਸੀ ਉੱਕਾ ਮੁਸੀਬਤ ਦੇ ਭਾਰ ਤਲੇ ਦੱਬ ਜਾਵੋਗੇ, ਤਾਂ ਵਿਸਵਾਸ ਹੈ ਕਿ ਮੁਸੀਬਤ ਤੁਹਾਨੂੰ ਘੇਰ ਲਵੇਗੀ ਅਰ ਤੁਸੀ ਫੇਰ ਉਸਤੋਂ ਆਪਣੇ ਆਪ ਨੂੰ ਨਾਂ ਬਚਾ ਸਕੋਗੇ, ਪਰ ਜੇ ਤੁਸੀ ਆਪਣੇ ਆਪ ਵਿਚ ਭਿੰਨੇ ਭਿੰਨ ਹਾਲਤਾਂ ਤੇ ਪ੍ਰਬਲ ਹੋਨ ਦੀ ਤਾਕਤ ਕਬੂਲ ਕਰੋਗੇ, ਤਾਂ ਮੁਸੀਬਤ ਤੁਹਾਡੇ ਅਧੀਨ ਹੋ ਜਾਏਗੀ ਅਰ ਇਕਬਾਲ ਮੰਦੀ ਨਾਲ ਵੱਟੀ ਜਾਵੇਗੀ। ਜਦੋਂ ਮੁਸੀਬਤ ਤੁਹਾਡੇ ਤੇ ਆਵੇ, ਜੋਂ ਤੁਸੀ ਉਸਨੂੰ ਤਸੱਲੀ ਨਾਲ ਆਪਣੇ ਉੱਤੇ ਲਵੋ ਅਰ ਉਸ ਵੇਲੇ ਨੂੰ ਪ੍ਰੇਸ਼ਾਨੀ, ਭੈ ਅਰ ਅੰਦੇਸ਼ਿਆਂ ਵਿਚ ਖਰਚ ਕਰਨ ਦੀ ਥਾਂ ਆਪ-ਣੀਆਂ ਅੰਦ੍ਰਲੀਆਂ ਤਾਕਤਾਂ ਵਾਲੀਆਂ ਸ਼ਕਤੀਆਂ ਨੂੰ

ਹਰਕਤ ਦੇਣ ਵਿਖੇ ਖਰਚ ਕਰੋ, ਤਾਂ ਮੁਸੀਬਤ ਬਹੁਤ ਛੇਤੀ ਨਸ਼ਟ ਹੋ ਜਾਵੇਗੀ।

ਪੂਰਨ ਯਕੀਨ (ਵਿਸਵਾਸ) ਹੀ. ਅਸਲੀ ਸਫ-ਲਤਾ ਦਾ ਅਸੂਲ ਹੈ, ਜਦੋਂ ਅਸੀਂ ਇਸ ਗੱਲ ਨੂੰ ਮੰਨ ਲੈਂਦੇ ਹਾਂ ਕਿ ਮਨੁਸ਼ ਦੀ ਸਫ਼ਲਤਾ ਜਾਂ ਅਸਫਲਤਾ ਉਸੇ ਦੇ ਹੱਥ ਵਿਚ ਹੈ ਅਰ ਬਾਹਰਲੀਆਂ ਸੂਰਤਾਂ ਤੇ ਨਿਰਭਰ ਨਹੀਂ, ਤਦੋਂ ਸਾਨੂੰ ਅਜਿਹੀਆਂ ਤਾਕਤਾਂ ਹਾਸਲ ਹੋਣਗੀਆਂ, ਜਿਨ੍ਹਾਂ ਕਰਕੇ ਬਾਹਰਲੀਆਂ ਹਾਲਤਾਂ ਸਾਡੇ ਵਾਸਤੇ ਝਟ ਪਟ ਸਫਲਤਾ ਪ੍ਰਾਪਤ ਕਰਨ ਦਾ ਵਸੀਲਾ ਬਨ ਜਾਣਗੀਆਂ। ਜਦੋਂ ਅਸੀ ਇਸ ਉੱਚ ਹਕੀਕਤ ਨੂੰ ਅਨਭਉ ਕਰ ਲਵਾਂਗੇ ਅਰ ਆਪਣੇ ਜੀਵਨ ਦੇ ਉੱਚ ਅਸੂਲਾਂ ਦੇ ਐਨ ਅਨੁਸਾਰ ਬਤੀਤ ਕਰਾਂਗੇ, ਤਦੋਂ ਅਸੀ ਆਪਣੀ ਸੱਤਿਆ ਸਫੁਰਤੀ ਨੂੰ ਇਸਤਰਾਂ ਇਕ ਪਾਸੇ ਕਰ ਅਰ ਰਾਹ ਵਖਾ ਸਕਾਂਗੇ ਕਿ ਓਹ ਸ਼ਕਤੀਆਂ ਸਾਥੋਂ ਬਾਹਰ ਚਲੀਆਂ ਜਾਨਗੀਆਂ ਅਰ ਜਿਸ ਚੀਜ਼ ਦੇ ਲੈਣ ਵਾਸਤੇ ਭੇਜੀਆਂ ਜਾਨਗੀਆਂ ਉਸਨੂੰ ਲੈਕੇ ਮੁੜ ਕੇ ਸਾਡੇ ਪਾਸ ਆ ਜਾਵਨਗੀਆਂ। ਜਦੋਂ ਅਸੀ ਹੱਛੀਤਰਾਂ ਨਾਲ ਅਰ ਪੂਰੀ ਪੂਰੀ ਸਫਲਤਾ ਪ੍ਰਾਪਤ ਕਰ ਸਕਾਂਗੇ, ਤਦੋਂ ਅਸੀ ਆਪਣੇ ਅੰਦ੍ਰ ਇਕ ਅਜਿਹਾ ਪੱਕਾ ਮਰਕਜ਼ (ਕੇਂਦ੍ਰੀ ਅਸਥਾਨ) ਕਾਇਮ ਕਰ ਸਕਦੇ ਹਾਂ ਕਿ ਇਸ ਚੀਜ਼ ਜਾਂ ਉਸ ਚੀਜ਼ ਦੇ ਵਾਸਤੇ ਏਧਰ ਓਧਰ ਨੱਸਨ ਭੱਜਨ ਦੀ ਥਾਂ ਅਸੀ ਘਰ ਤੇ ਹੀ ਬੈਠੇ ਹੋਏ ਜਿਨ੍ਹਾਂ ਹਾਲਤਾਂ ਨੂੰ ਅਸੀ ਚਾਹਾਂਗੇ ਆਪਣੇ ਪਾਸੇ ਖਿੱਚ ਸਕਾਂਗੇ, ਜੇ ਅਸੀ ਦ੍ਰਿੜ੍ਹਤਾ ਨਾਲ

ਇਸ ਕ੍ਰੇਂਦ੍ਰ ਤੇ ਕਾਇਮ ਹੋਕੇ ਜੰਮੇ ਬੈਠੇ ਰਹਾਂਗੇ, ਤਦ ਚੀਜ਼ਾਂ ਉੱਤੋਂ ਕੁੱਤੀ ਸਾਡੇ ਵਲ ਖਿੱਚੀਆਂ ਹੋਈਆਂ ਮਲੂਮ ਹੋਨਗੀਆਂ।

ਅਜ ਕੱਲ ਦੇ ਬਹੁਤ ਸਾਰੇ ਲੋਕ ਅਜਿਹੀਆਂ ਚੀਜ਼ਾਂ ਦੀ ਭਾਲ ਵਿਚ ਹਨ ਜੋ ਅਮਲੀ ਅਤੇ ਕੰਮ ਆਉਣ ਵਾਲੀਆਂ ਹੋਣ ਅਰ ਜਿਨ੍ਹਾਂ ਤੋਂ ਅਸੀ ਨਿਤਾ ਪ੍ਰਤੀ ਲਾਭ ਉਠਾ ਸਕੀਏ। ਜਿਨ੍ਹਾਂ ਵੱਡੇ ਵੱਡੇ ਮਸਲਿਆਂ ਤੇ ਅਸੀ ਵਿਚਾਰ ਕਰ ਰਹੇ ਹਾਂ, ਜੇ ਅਸੀ ਓਹਨਾਂ ਬੁਨਿਆਦੀ ਅਸੂਲਾਂ ਜਾਂ ਕਾਨੂਨਾਂ ਨੂੰ ਜਿੰਨਾਂ ਜ਼ਿਆਦਾ ਧਯਾਨ ਨਾਲ ਪਰਖਾਂਗੇ, ਤਾਂ ਓਨਾਂ ਹੀ ਜ਼ਿਆਦਾ ਸਾਨੂੰ ਇਹ ਮੱਲੂਮ ਹੋਵੇਗਾ ਕਿ ਇਹ ਅਸੂਲ ਜਾਂ ਕਾਨੂਨ ਕੇਵਲ ਅਤੀਅਮਲ ਵਿਚ ਆਉਣ ਅਤੇ ਕੰਮ ਆਉਨ ਵਾਲੇ ਕਾਨੂਨ ਹੀ ਨਹੀਂ ਹਨ, ਸਗੋਂ ਇਕਤਰਾਂ ਨਾਲ ਜੇ ਠੀਕ੨ ਸੋਚਿਆ ਜਾਵੇ, ਤਾਂ ਇਹੀ ਲਾਭਕਾਰੀ ਤੇ ਕੰਮ ਆਉਨ ਵਾਲੇ ਪਦਾਰਥ ਹਨ।

ਇਸ ਵੇਲੇ ਸੰਸਾਰ ਵਿਚ ਅਧਕਤਾ ਅਜਿਹੇ ਲੋਕਾਂ ਦੀ ਹੈ ਜੋ ਸਦੀਵ ਇਸ ਗੱਲ ਦਾ ਮਾਨ ਕਰਦੇ ਰਹਿੰਦੇ ਹਨ ਕਿ ਅਸੀ ਲਾਭਕਾਰੀ ਗੱਲਾਂ ਦੀ ਪ੍ਰਵਾਹ ਕਰਦੇ ਹਾਂ, ਅਰਥਾਤ ਏਹਨਾਂ ਗੱਲਾਂ ਦੀ ਜੋ ਨਿਤਾਪ੍ਰਤਿ ਜੀਵਨ ਵਿਖੇ ਲਾਭਕਾਰੀ ਤੇ ਕੰਮ ਆਉਨ ਵਾਲੀਆਂ ਹੋਵਨ, ਪਰ ਬਹੁਤ ਵਾਰੀ ਜੋ ਲੋਕ ਆਪ ਇਸ ਗੱਲ ਦਾ ਕੁਝ ਖਿਆਲ ਨਹੀਂ ਕਰਦੇ, ਓਹੀ ਸੰਸਾਰ ਵਾਸ਼ਤੇ ਅਤੀ ਹੀ ਲਾਭਦਾਇਕ ਅਰ ਅਮਲੀ (ਅਮਲ ਕਰਨ ਵਾਲੇ) ਪੁਰਸ਼ ਸਿੱਧ ਹੋਏ ਹਨ। ਉਲਟ ਇਸਦੇ ਜੋ ਲੋਕ ਆਪਣੇ

ਆਪ ਨੂੰ ਲਾਭਦਾਇਕ ਹੋਣ ਦਾ ਮਾਨ ਨਾਲ ਵਰਨਨ ਕਰਦੇ ਹਨ ਓਹਨਾਂ ਥੀਂ ਬਹੁਤ ਵਾਰੀ ਕੁਝ ਭੀ ਲਾਭ ਨਹੀਂ ਹੋਇਆ, ਜਾਂ ਇਹ ਆਖੋ ਕਿ ਇਹ ਲੋਕ ਕੁਝਕ ਲਾਭਦਾਇਕ ਸਿੱਧ ਹੋਏ ਹੋਣ, ਪਰ ਜਿੱਥੋਂ ਤਾਈਂ ਇਨ੍ਹਾਂ ਦਾ ਸਾਰਾ ਜੀਵਨ ਦਾ ਸੰਬੰਧ ਹੈ ਇਹ ਲੋਕ ਉੱਕਾ ਹੀ ਤੁੱਛ ਸਿੱਧ ਹੋਏ ਹਨ।

ਯਥਾ ਉਸ ਪੁਰਸ਼ ਨੂੰ ਕੀ ਲਾਭ ਹੋ ਸਕਦਾ ਹੈ, ਜਿਸਨੇ ਮਾਇਕ ਲਿਹਾਜ਼ ਨਾਲ ਤਾਂ ਸਾਰੀ ਸ੍ਰਿਸ਼ਟੀ ਨੂੰ ਵਤੇ ਕਰਲੀਤਾ ਹੋਵੇ, ਪਰ ਅਜੇ ਤਾਈਂ ਆਪਣੀ ਆਤਮਾਂ ਦਾ ਗਿਆਨ ਜ਼ਰਾ ਭੀ ਪ੍ਰਾਪਤ ਨਾਂ ਕੀਤਾ ਹੋਵੇ "ਬਿਨ ਮਨ ਮਾਰੇ ਸਿਧ ਨ ਹੋਈ।" ਸਾਡੇ ਆਲੇ ਦੁਆਲੇ ਬਹੁਤ ਸਾਰੇ ਲੋਕ ਹਨ ਜੋ ਅਸਲੀ ਜੀਵਨਤੋਂ ਉੱਕੇਹੀ ਵਾਂਜੇਹੋਏ ਹਨ ਅਰ ਜਿਨ੍ਹਾਂ ਨੇ ਅਸਲੀ ਜੀਵਨ ਬਤੀਤ ਕਰਨ ਦੀ ਅਜੇ ਪੈਂਤੀ ਭੀ ਨਹੀਂ ਸਿੱਖੀ, ਅਰਥਾਤ ਇਹ ਲੋਕ ਮੂਲੋਂ ਹੀ ਨਹੀਂ ਜਾਨਦੇ ਕਿ ਕਿਸਤਰਾਂ ਜੀਵਨ ਬਤੀਤ ਕਰਨਾ ਲੋੜੀਦਾ ਹੈ, ਇਹ ਲੋਕ ਗ਼ੁਲਾਮ ਹਨ, ਅਰਥਾਤ ਖਿਣ ਭੰਗਰ ਸੰਸਾਰਕ ਚੀਜ਼ਾਂ ਜੋ ਓਹਨਾਂ ਨੇ ਇਕੱਠੀਆਂ ਕੀਤੀਆਂ ਹਨ ਓਹਨਾਂ ਦੇ ਹੀ ਓਹ ਦਾਸ ਹਨ। ਜਿਨ੍ਹਾਂ ਲੋਕਾਂ ਦਾ ਇਹ ਖਿਆਲ ਹੈ ਕਿ ਸਾਡੇ ਪਾਸ ਧਨ ਹੈ, ਓਹ ਲੋਕ ਅਸਲ ਵਿਚ ਮਾਯਾ ਦੇ ਵੱਸ ਵਿਚ ਹਨ, ਓਹ ਲੋਕ ਆਪਣੇ ਗੁਆਂਢੀਆਂ ਅਤੇ ਸੰਸਾਰ ਦੇ ਹੋਰਨਾਂ ਲੋਕਾਂ ਦੀ ਕੁਝ ਭੀ ਸੇਵਾ ਟੈਹਲ ਨਹੀਂ ਕਰਦੇ। ਜੋ ਲੋਕ ਆਪਣੇ ਸਰੀਰ ਨੂੰ ਕਾਇਮ ਨਹੀਂ ਰੱਖ ਸਕਦੇ ਅ: ਸਰੀਰ ਹੀ ਇਕ ਵਸੀਲਾ ਹੈ, ਜਿਸ ਕਰਕੇ ਓਹ ਆਇ,

ਸ੍ਰਿਸ਼ਟੀ ਨਾਲ ਸੰਬੰਧ ਰੱਖਦੇ ਹਨ, ਓਹ ਲੋਕ ਸੱਚ ਮੁਚ ਸੰਸਾਰ ਤੋਂ ਗ਼ਰੀਬ ਹੋਕੇ ਜਾਨਗੇ ਅਰ ਓਹਨਾਂ ਦੀ ਹਾਲਤ ਤਰਸ ਯੋਗ ਹੋਵੇਗੀ। ਓਹ ਲੋਕ ਆਪਣੀਆਂ ਇਕੱਠੀਆਂ ਕੀਤੀਆਂ ਹੋਈਆਂ ਚੀਜ਼ਾਂ ਵਿਚੋਂ ਭੋਗ ਮਾਤ੍ਰ ਭੀ ਆਪਣੇ ਨਾਲ ਨਹੀਂ ਲਿਜਾ ਸੱਕਨਗੇ, ਇਸ ਵਾਸਤੇ ਓਹ ਦੂਜੀ ਸ੍ਰਿਸ਼ਟੀ ਵਿਚ ਨੰਗੇ ਅਤੇ ਹੀਣੇ ਜਾ ਖਲੋ ਹੋਣਗੇ।

ਦਿਆਲਤਾ ਦੇ ਕੰਮ, ਚਾਲ ਚਲਨ ਦੀਆਂ ਸੁੱਛ ਖੂਬੀਆਂ, ਆਤਮਕ ਤਾਕਤਾਂ ਦਾ ਅਨਭਵ, ਅੰਤ੍ਰੀਵੀ ਜੀਵਨ ਦੀ ਅਸਲੀ ਦੌਲਤ ਅਰ ਉਸਦੀ ਪ੍ਰਗਟਤਾ, ਏਹ ਸਾਰੀਆਂ ਚੀਜ਼ਾਂ ਸਾਡੀ ਅਸਲੀ ਅਤੇ ਅਟੱਲ ਮਲਕੀਅਤ ਬਣ ਜਾਂਦੀਆਂ ਹਨ, ਪਰ ਉਕਤ ਲੋਕਾਂ ਦੇ ਜੀਵਨ ਵਿਚ ਏਹਨਾਂ ਚੀਜ਼ਾਂ ਵਿਚੋਂ ਕੋਈ ਭੀ ਮੌਜੂਦ ਨਹੀਂ ਅਰ ਇਸੇ ਵਾਸਤੇ ਓਹ ਜੀਵਨ ਦੀਆਂ ਅਸਲਾ ਚੀਜ਼ਾਂ ਤੋਂ ਖਾਲੀ ਹਨ, ਸਗੋਂ ਇਸਤੋਂ ਭੀ ਕਈ ਗੁਣਾਂ ਭੈੜੀ ਹਾਲਤ ਵਿਚ ਹਨ। ਸਾਨੂੰ ਇਹ ਖਿਆਲ ਨਹੀਂ ਕਰ ਲੈਣਾ ਚਾਹੀਦਾ ਕਿ ਜੋ ਆਦਤਾਂ (ਵਾਦੀਆਂ) ਹੁਣ ਇਕ ਵਾਰੀ ਕਾਇਮ ਹੋਗਈਆਂ ਹਨ, ਓਹ ਇਸ ਜੀਵਨ ਨਾਲੋਂ ਦੂਸਰੇ ਜੀਵਨ ਵਿਚ ਕੁਝ ਜ਼ਿਆਦਾ ਸੁਖਿਆਈ ਨਾਲ ਦੂਰ ਹੋ ਜਾਨਗੀਆਂ। ਜੇ ਕੋਈ ਪੁਰਸ਼ ਆਪਣੀ ਮਰਜ਼ੀ ਨਾਲ ਇਸ ਸੰਸਾਰ ਵਿਚ ਕਿਸੇ ਤਰਾਂ ਦਾ ਖ਼ਬਤ ਪੈਦਾ ਕਰ ਲੈਂਦਾ ਹੈ, ਤਾਂ ਸਾਨੂੰ ਇਹ ਖਿਆਲ ਨਹੀਂ ਕਰ ਲੈਣਾ ਚਾਹੀਦਾ ਕਿ ਕੇਵਲ ਇਸੇ ਸਰੀਰ ਦੇ ਅਭਾਵ ਹੋ ਜਾਣ ਤੋਂ ਉਸਦਾ ਖ਼ਬਤ ਦੂਰ ਹੋ ਜਾਏਗਾ (ਕਦੀ ਨਹੀਂ!) ਹਰ ਇਕ ਸ਼ੈ ਅਸੂਲ ਜਾਂ ਕਾਨੂਨ ਤੇ ਨਿਰਭਰ ਹੈ ਅਰ ਕਾਰਜ

ਕਾਰਨ ਦੀ ਲੜੀ ਵਿਚ ਜਕੜੀ ਹੋਈ ਹੈ, ਜਿਹਾ ਬੀਜੋਗੇ ਉਹਿਜਿਹਾ ਹੀ ਵੱਢੋਗੇ, ਕੇਵਲ ਏਸੇ ਜੀਵਨ ਵਿਚ ਨਹੀਂ ਸਗੋਂ ਦੂਜੇ ਜੀਵਨਾਂ ਵਿਚ ਭੀ।

ਜੋ ਪੁਰਸ਼ ਕੇਵਲ ਇਸ ਸੰਸਾਰ ਵਿਚ ਮਾਇਕ ਚੀਜ਼ਾਂ ਦੀ ਪ੍ਰਾਪਤੀ ਵਾਸਤੇ ਏਨੀਂ ਇੱਛਾ ਰੱਖਦਾ ਹੈ ਕਿ ਮਾਨੋਂ ਓਹ ਇਸ ਇੱਛਾ ਦਾ ਗੁਲਾਮ ਹੀ ਬਣ ਗਿਆ ਹੈ, ਓਹ ਇਸ ਸੰਸਾਰ ਨੂੰ ਛੱਡ ਜਾਨ ਤੋਂ ਪਿੱਛੋਂ ਭੀ ਇਸੇ ਖਾਹਸ਼ ਵਿਚ ਫਸਿਆ ਰਹੇਗਾ। ਇਸਤੋਂ ਛੁਟ ਉਸ ਵੇਲੇ ਉਸ ਪਾਸ ਆਪਣੀਆਂ ਖਾਹਸ਼ਾਂ ਦੇ ਪੂਰੇ ਕਰਨ ਵਾਸਤੇ ਵਸੀਲੇ ਭੀ ਮੌਜੂਦ ਨਾਂ ਹੋਨਗੇ, ਪਰ ਉਸ ਵਿਚ ਇਹ ਆਦਤ ਪ੍ਰਬਲ ਹੋਵੇਗੀ, ਇਸਵਾਸਤੇ ਓਹ ਘਟ ਤੋਂ ਘਟ ਕੁਝ ਚਿਰ ਵਾਸਤੇ ਤਾਂ ਆਪਣੇ ਚਿੱਤ ਨੂੰ ਹੋਰਨਾਂ ਚੀਜ਼ਾਂ ਤੇ ਨਹੀਂ ਲਗਾ ਸਕੇਗਾ ਅਰ ਕਯੋਂਕਿ ਉਸਨੂੰ ਆਪਣੀ ਇੱਛਾ ਦੇ ਪੂਰਾ ਕਰਨ ਦੇ ਸਮਾਨ ਪ੍ਰਾਪਤ ਨਹੀਂ ਹੋਨਗੇ, ਇਸ ਲਈ। ਉਸਤੋਂ ਉਸਨੂੰ ਹੋਰ ਭੀ ਵਧੇਰੇ ਤਕਲੀਫ ਪੁਜੇਗੀ। ਨਿਸਚੇ ਹੈ ਕਿ ਇਹ ਤਕਲੀਫ ਹੋਰ ਭੀ ਵਧ ਜਾਵੇ, ਜਦੋਂ ਕਿ ਓਹ ਵੇਖੇਗਾ ਕਿ ਜੇਹੜੀਆਂ ਅਕੱਠੀਆਂ ਕੀਤੀਆਂ ਹੋਈਆਂ ਧਨ ਦੌਲਤ ਆਦਿਕ ਚੀਜ਼ਾਂ ਨੂੰ ਓਹ ਆਪਣਾ ਖਿਆਲ ਕਰਦਾ ਸੀ; ਹੁਣ ਓਹਨਾਂ ਸਾਰੀਆਂ ਨੂੰ ਫਜ਼ੂਲ ਖਰਚ ਲੋਕ ਏਧਰ ਓਧਰ ਖਲਾਰ ਰਹੇ ਹਨ ਅਤੇ ਬੇਅਰਥ ਗੁਆ ਰਹੇ ਹਨ। ਭਾਵੇਂ ਉਸਨੂੰ ਅਖ-ਤਿਆਰ ਹੈ ਕਿ ਓਹ ਆਪਣੀ ਮਲਕੀਅਤ ਵਸੀਅਤ ਨਾਮਾ ਕਰਕੇ ਹੋਰ ਦੇ ਨਾਮ ਕਰ ਜਾਏ, ਪਰ ਉਸਦੇ ਵਰਤਨ ਦੀ ਬਾਬਤ ਓਹ ਕੁਝ ਨਹੀਂ ਕਰ ਸਕਦਾ।

(ਓਹਨਾਂ ਲੋਕਾਂ ਨੂੰ ਅਖ਼ਤਿਆਰ ਹੈ, ਉਸਨੂੰ ਜਿਸਤਰਾਂ ਚਾਹੁਨ ਖਰਚ ਕਰਨ।)

ਏਸ ਵਾਸਤੇ ਜੇ ਅਸੀ ਇਹ ਖਿਆਲ ਕਰੀਏ ਕਿ ਕੋਈ ਮਾਇਕ ਚੀਜ ਸਾਡੀ ਹੈ, ਤਾਂ ਇਹ ਨਿਰੀ ਪੁਰੀ ਕਮ ਅਕਲੀ ਹੈ। ਯਥਾ ਜੇ ਕੋਈ ਪੁਰਸ਼ ਈਸ਼੍ਵਰ ਪ੍ਰਮਾਤਮਾਂ ਦੀ ਧਰਤੀ ਵਿਚੋਂ ਕੁਝ ਵਿਘੇ ਧਰਤੀ ਦੀ ਹੱਦ ਬੰਦੀ ਕਰ ਲਵੇ ਅਤੇ ਆਖੇ ਕਿ ਏਨੇ ਵਿਘੇ ਜ਼ਮੀਨ ਮੇਰੀ ਮਲਕੀਅਤ ਹੈ, ਤਾਂ ਇਹ ਉਸਦੀ ਕਮ ਅਕਲੀ ਹੈ, ਜੇਹੜੀ ਚੀਜ਼ ਕਿ ਅਸੀ ਆਪਣੇ ਪਾਸ ਰੱਖ ਨਹੀਂ ਸਕਦੇ ਓਹ ਕੋਈ ਸਾਡੀ ਨਹੀਂ ਹੈ। ਜੋ ਚੀਜਾਂ ਸਾਡੇ ਕਬਜ਼ੇ ਵਿਚ ਆਉਂਦੀਆਂ ਹਨ, ਓਹ ਇਸ ਵਾਸਤੇ ਨਹੀਂ ਆਉਂਦੀਆਂ ਕਿ ਅਸੀ ਓਹਨਾਂ ਨੂੰ ਆਪਣੀ ਮਲਕੀਅਤ ਬਨਾ ਲਵੀਏ, ਜਿਹਾ ਕਿ ਅਸੀ ਆਖਦੇ ਹਾਂ ਅਰ ਇਸ ਕਰਕੇ ਭੀ ਉੱਕਾ ਨਹੀਂ ਆਉਂਦੀਆਂ ਕਿ ਅਸੀ ਓਹਨਾਂ ਨੂੰ ਅਕੱਠਾ ਕਰ ਲਵੀਏ, ਓਹਨਾਂ ਚੀਜ਼ਾਂ ਦਾ ਸਾਡੇ ਕਬਜ਼ੇ ਵਿਚ ਆਉਨ ਦਾ ਇਹ ਮਨਸ਼ਾ ਹੁੰਦਾ ਹੈ ਕਿ ਅਸੀ ਓਹਨਾਂ ਨੂੰ ਵਰਤੋਂ ਵਿਚ ਲਿਆਵੀਏ ਅਰ ਸਜਾ-ਰੂਪ ਨਾਲ ਵਰਤੀਏ। ਅਸੀ ਕੇਵਲ ਕੰਮ ਕਰਨ ਵਾਲੇ ਹਾਂ ਅਰ ਉਸ ਹੈਸੀਅਤ ਵਿਚ ਅਸੀ ਜਵਾਬ ਦਿਹ (ਉੱਤਰ ਦਾਤੇ) ਹੋਵਾਂਗੇ ਕਿ ਜੋ ਕੁਝ ਸਾਡੇ ਸਪੁਰਦ ਹੋਇਆ ਸੀ ਉਸਨੂੰ ਖਰਚ ਕਿਸਤਰਾਂ ਕੀਤਾ ਗਿਆ? ਨੁਕਸਾਨ ਭਰਨ ਦਾ ਕਾਨੂੰਨ ਜੋ ਸਾਰੀ ਸ੍ਰਿਸ਼ਟੀ ਦੇ ਸਿਰ ਉੱਤੇ ਹੈ, ਆਪਣਾ ਅਮਲ ਅਤਯੰਤ ਠੀਕ ਰੀਤੀ ਨਾਲ ਕਰ ਰਿਹਾ ਹੈ। ਭਾਵੇਂ ਇਹ ਸੰਭਵ ਹੈ ਕਿ ਅਸੀ ਉਸਦੇ

ਵਰਤਾਉ ਨੂੰ ਸਦੀਵ ਪੂਰੀ ਤਰਾਂ ਨਾਲ ਨਾਂ ਸਮਝੀਏ, ਜਾਂ ਜਦੋਂ ਉਸਦਾ ਅਮਲ ਸਾਡੇ ਤੇ ਹੁੰਦਾ ਹੈ, ਤਦੋਂ ਭੀ ਅਸੀ ਉਸਨੂੰ ਨਾਂ ਪਛਾਣੀਏਂ।

ਜਿਸ ਪੁਰਸ਼ ਨੇ ਉੱਚ ਦਰਜੇ ਦਾ ਜੀਵਨ ਪ੍ਰਾਪਤ ਕਰ ਲੀਤਾ ਹੈ, ਫੇਰ ਉਸਨੂੰ, ਬਜੰਤ ਦੌਲਤ ਇਕੱਠੀ ਕਰਨ ਦੀ ਕੋਈ ਇੱਛਾ ਨਹੀਂ ਰਾਹਿੰਦੀ ਅਰ ਨਾਂ ਹੀ ਉਸ ਨੂੰ ਕਿਸੇ ਹੋਰ ਚੀਜ਼ ਨੂੰ ਅਧਿਕਤਾ ਨਾਲ ਪ੍ਰਾਪਤ ਕਰਨ ਦੀ ਇੱਛਾ ਹੀ ਹੁੰਦੀ ਹੈ। ਜਿੰਨਾ ਓਹ ਉਸ ਗੱਲ ਨੂੰ ਪਛਾਨ ਲੈਂਦਾ ਹੈ ਕਿ ਮੇਰੇ ਅੰਦਰ ਦੌਲਤ ਭਰਪੂਰ ਹੈ, ਤਾਂ ਫੇਰ ਬਾਹਰਲੀ ਦੌਲਤ ਉਸਦੀ ਨਜ਼ਰ ਵਿਚ ਕੁਝ ਕਦਰ ਨਹੀਂ ਰੱਖਦੀ। ਜਦੋਂ ਓਹ ਇਸ ਗੱਲ ਨੂੰ ਅੱਛੀ ਤਰਾਂ ਸਮਝ ਲੈਂਦਾ ਹੈ ਕਿ ਮੇਰੇ ਅੰਦਰ ਇਕ ਅਜਿਹਾ ਸੋਮਾਂ ਮੌਜੂਦ ਹੈ ਕਿ ਮੈਂ ਉਥੋਂ ਜਿੰਨੀਆਂ ਚੀਜ਼ਾਂ ਦੀ ਮੈਨੂੰ ਲੋੜ ਹੋਵੇ ਓਹਨਾਂ ਸਾਰੀਆਂ ਨੂੰ, ਜਦੋਂ ਜੀ ਚਾਹੇ ਕਾਫੀ ਤੌਰ ਤੇ–ਮੈਂ ਮੰਗਵਾ ਅਤੇ ਆਪਣੇ ਕਬਜ਼ੇ ਵਿਚ ਲਿਆ ਸਕਦਾ ਹਾਂ, ਤਾਂ ਫੇਰ ਓਹ ਮਾਇਕ ਚੀਜ਼ਾਂ ਧਨ ਦੌਲਤ ਆਦਿਕ ਅਕੱਠਾ ਨਹੀਂ ਕਰਦਾ, ਕਿਉਂਕਿ ਓਹ ਉਸਦੇ ਵਾਸਤੇ ਜਾਨ ਦਾ ਖੌ ਹਨ, ਓਹਨਾਂ ਦੀ ਉਸਨੂੰ ਹਰ ਵੇਲੇ ਰਾਖੀ ਆਦ ਕਰਨੀ ਪੈਂਦੀ ਹੈ ਅਰ ਇਸਤਰਾਂ ਉਸਦਾ ਸਮਾਂ ਅਰ ਉਸਦਾ ਖਿਆਲ ਜੀਵਨ ਦੀਆਂ ਅਸਲੀ ਚੀਜ਼ਾਂ ਤੋਂ ਹਟਕੇ ਓਹਨਾਂ ਅਯੋਗ ਚੀਜ਼ਾਂ ਵਿਚ ਲਗ ਜਾਂਦਾ ਹੈ, ਜਾਂ ਇਹ ਆਖੋ ਕਿ ਇਹ ਪੁਰਸ਼ ਸਭ ਤੋਂ ਪੇਹਲਾਂ ਅੰਦ੍ਰਲੀ ਪਾਤਸ਼ਾਹੀ ਦੀ ਭਾਲ ਕਰਦਾ ਹੈ ਅਰ ਜਦੋਂ ਓਹ ਵੇਖਦਾ ਹੈ ਕਿ ਮੈਨੂੰ ਇਹ ਅੰਦ੍ਰਲੀ ਪਾਤਸ਼ਾਹੀ

ਮਿਲ ਗਈ ਹੈ, ਤਾਂ ਬਾਕੀ ਸਾਰੀਆਂ ਚੀਜ਼ਾਂ ਆਪਣੇ ਆਪ ਪੂਰਨਤਾ ਨਾਲ ਪ੍ਰਾਪਤ ਹੋ ਜਾਂਦੀਆਂ ਹਨ।

ਇਕ ਪੂਰਨ ਮੁਰਸ਼ਦ ਮਹਾਤਮਾਂ (ਜਿਸਦੇ) ਕੋਲ ਪ੍ਰਤੱਖ ਵਿਚ ਕੁਝ ਭੀ ਨਹੀਂ ਸੀ, ਪਰ ਅਸਲ ਵਿਚ ਸਭ ਕੁਝ ਸੀ, ਉਸਦਾ ਕਥਨ ਹੈ ਕਿ ਧਨੀ ਪੁਰਸ਼ ਵਾਸਤੇ ਸੁਰਗ ਵਿਚ ਦਾਖਲ ਹੋਣਾ ਉਨਾ ਕਠਨ ਹੈ ਜਿੰਨਾ ਉਠ ਲਈ ਸੂਈ ਦੇ ਨੱਕੇ ਵਿਚੋਂ ਲੰਘਣਾ ਕਠਨ ਹੈ। ਇਸਤੋਂ ਭਾਵ ਇਹਹੈ ਕਿ ਜੇ ਕੋਈ ਆਪਣਾਂ ਸਾਰਾ ਸਮਾਂ ਆਪਣੀ ਲੋੜ ਤੋਂ ਵਧੀਕ ਬੇਅੰਤ ਧਨ ਅਤੇ ਬਾਹਰਲੀਆਂ ਮਾਇਕ ਚੀਜ਼ਾਂ ਦੇ ਅਕੱਠਾਕਰਨਵਿਚਹੀ ਖਰਚਕਰਦੇਵੇ, ਤਾਂ ਉਸਨੂੰ ਉਸ ਅਸਚਰਜ ਪਾਤਸ਼ਾਹੀ ਦੇ ਪ੍ਰਾਪਤ ਕਰਨ ਦਾ ਸਮਾਂ ਕਿੱਥੋਂ ਮਿਲ ਸਕਦਾ ਹੈ, ਜਿਸ ਪਾਤਸ਼ਾਹੀ ਦੇ ਮਿਲਨ ਤੋਂ ਬਾਕੀ ਸਭ ਕੁਝ ਉਸਦੇ ਨਾਲ ਹੀ ਆ ਜਾਂਦਾ ਹੈ। ਤੁਸੀ ਹੀ ਦੱਸੋ ਕਿ ਏਹਨਾਂ ਦੋਹਾਂ ਚੀਜ਼ਾਂ ਵਿਚੋਂ ਕਿਹੜੀ ਚੀਜ਼ ਹੱਛੀ ਹੈ, ਇਕ ਤਾਂ ਲੱਖਾਂ ਕਰੋੜਾਂ ਰੁਪਏ ਅਕੱਠੇ ਕਰ ਲੈਣੇ ਅਰ ਏਹਨਾਂ ਸਾਰਿਆਂ ਦੀ ਰਾਖੀ ਦਾ ਫਿਕਰ ਰੱਖਣਾ, ਕਿਉਂਕਿ ਰੁਪਏ ਦੇ ਨਾਲ ਉਸਦੀ ਰਾਖੀ ਦਾ ਫਿਕਰ ਅਤਅੰਤ ਉਚਿੱਤ ਹੈ। ਦੂਜਾ ਅਜਿਹੇ ਅਸੂਲਾਂ ਅਤੇ ਸ਼ਕਤੀਆਂ ਦਾ ਮਲੂਮ ਕਰਨਾ ਕਿ ਹਰ ਤਰਾਂ ਦੀਆਂ ਲੋੜਾਂ ਯੋਗ ਸਮੇਂ ਤੇ ਪੂਰੀਆਂ ਹੋ ਜਾਣਗੀਆਂ ਅਰ ਇਹ ਜਾਣਨਾ ਕਿ ਅਸੀ ਕਿਸੇ ਹੱਛੀ ਸ਼ੈ ਤੋਂ ਥੁੜੇ ਨਹੀਂ ਰਹਾਂਗੇ, ਅਰ ਇਸ ਗੱਲ ਦਾ ਗਿਆਨ ਹੋਣਾ ਕਿ ਇਹ ਗੱਲ ਸਾਡੀ ਤਾਕਤ ਵਿਚ ਹੈ ਕਿ ਜਿੰਨੀ ਸਾਨੂੰ ਜ਼ਰੂਰਤ ਹੋਵੇਗੀ ਉਨਾਂ ਅਸੀ ਪ੍ਰਾਪਤ ਕਰ ਸਕਾਂਗੇ?

ਜੋ ਪੁਰਸ਼ ਇਸ ਉੱਚ ਗਿਆਨ ਦੀ ਪਾਤਸ਼ਾਹੀ ਵਿਚ ਪ੍ਰਵਿਰਤ ਹੋ ਜਾਂਦਾ ਹੈ, ਉਸਨੂੰ ਫਿਰ ਇਹ ਪ੍ਰਵਾਹ ਨਹੀਂ ਹੁੰਦੀ ਕਿ ਮੈਂ ਭੀ ਉਸ ਸੁਦਾਈ ਪੁਣੇ ਦੀ ਹਾਲਤ ਵਿਚ ਹੋ ਜਾਵਾਂ, ਜਿਸ ਵਿਚ ਅਜ ਕੱਲ ਬਹੁਤ ਸਾਰੇ ਲੋਕ ਫਸੇ ਹੋਏ ਹਨ। ਓਹ ਇਸ ਗੱਲ ਤੋਂ ਅਜਿਹੀ ਹੀ ਘ੍ਰਿਣਾਂ ਕਰਦਾ ਹੈ ਕਿ ਜਿਸਤਰਾਂ ਕੋਈ ਪੁਰਸ਼ ਸਰੀਰ ਦੀ ਗੰਦੀ ਬੀਮਾਰੀ ਤੋਂ ਘ੍ਰਿਣਾਂ ਕਰਦਾ ਹੈ। ਜਦੋਂ ਅਸੀ ਉੱਚ ਤੋਂ ਉੱਚ ਤਾਕਤਾਂ ਨੂੰ ਅਨਭਵ ਕਰ ਲਵਾਂਗੇ, ਤਦੋਂ ਅਸੀ ਅਸਲੀ ਜੀਵਨ ਵਲ ਵਧੇਰੇ ਧਿਆਨ ਦੇ ਸਕਾਂਗੇ ਅਰ ਧਨ ਆਦਿਕ ਦਾ ਅਕੱਠਾ ਕਰਨਾ ਤੁੱਛ ਸਮਝਾਂਗੇ, ਜੋ ਸਾਡੀ ਅਸਲੀ ਤ੍ਰੱਕੀ ਵਿਚ ਮੱਦਦਗਾਰ ਹੋਣ ਦੀ ਥਾਂ ਹਰਜਾ ਪਾਨ ਵਾਲੇ ਹੁੰਦੇ ਹਨ। ਏਥੇ ਭੀ ਜੀਵਨ ਦੀਆਂ ਹੋਰਨਾਂ ਸਾਰੀਆਂ ਹਾਲਤਾਂ ਵਾਂਗ ਵਿਚਲੇ ਦਰਜੇ ਦਾ ਹੀ ਖ਼ਿਆਲ ਰੱਖਣਾ ਚੰਗਾ ਹੈ। ਧਨ ਦੀ ਭੀ ਇਕ ਹੱਦ ਹੁੰਦੀ ਹੈ, ਜਦੋਂ ਧਨ ਅੰਦਾਜ਼ੇ ਤੋਂ ਵਧੀਕ ਹੋਵੇਗਾ ਉਸਨੂੰ ਅਸੀ ਠੀਕ ਠੀਕ ਕੰਮ ਵਿਚ ਨਾਂ ਲਿਆ ਸਕਾਂਗੇ, ਜਦੋਂ ਓਹ ਧਨ ਕੰਮ ਵਿਚ ਨਾਂ ਆਵੇਗਾ ਤਾਂ ਓਹ ਮੱਦਦ ਦੇਣ ਦੀ ਥਾਂ ਇਕ ਤਰਾਂ ਦੀ ਰੋਕ ਹੋ ਜਾਵੇਗਾ ਅਤੇ ਨਿਆਮਤ ਅਤੇ ਬਰਕਤ ਹੋਣ ਦੀ ਥਾਂ ਲਾਨ੍ਹਤ ਦਾ ਕਾਰਨ ਹੋ ਜਾਵਗਾ। ਸਾਡੇ ਆਲੇ ਦੁਆਲੇ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਦੇ ਜੀਵਨ ਹੁਣ ਨੀਵੇਂ ਅਤੇ ਛੋਟੇ ਹੋ ਗਏ ਹਨ, ਓਹਨਾਂ ਨੇ ਆਪਣੇ ਜੀਵਨ ਦਾ ਬਹੁਤ ਸਾਰਾ ਭਾਗ ਰੁਪਯਾ ਅਕੱਠਾ ਕਰਨ ਵਿਚ ਖਰਚ ਕਰ ਦਿੱਤਾ ਹੈ ਅਰ ਜੇ ਹੁਣ ਭੀ ਇਹ ਬਾਕੀ ਜੀਵਨ ਨੂੰ ਸਿਆਣਪ ਨਾਲ

ਖਰਚ ਕਰਨ ਲੱਗ ਪੈਣ, ਤਾਂ ਓਹਨਾਂ ਦਾ ਜੀਵਨ ਸਦਾ ਵਾਸਤੇ ਸੁੰਦ੍ਰ ਅਤੇ ਸ੍ਰੇਸ਼ਟ ਬਨ ਸਕਦਾ ਹੈ।

ਜੋ ਪੁਰਸ਼ ਆਪਣਾ ਸਾਰਾ ਜੀਵਨ ਧਨ ਦੌਲਤ ਆਦਿਕਾਂ ਦੇ ਅਕੱਠਾ ਕਰਨ ਵਿਚ ਖਰਚ ਕਰਦਾ ਹੈ ਅਰ ਮਰਨ ਵੇਲੇ ਸਭ ਕੁਝ ਦਾਨ ਪੁੰਨ ਲਈ ਛੱਡਜਾਂਦਾ ਹੈ, ਉਸ ਪੁਰਸ਼ ਦਾ ਜੀਵਨ ਭੀ ਉੱਚ ਜੀਵਨ ਦੀ ਕਸਵੱਟੀ ਤੋਂ ਬਹੁਤ ਡਿੱਗਾ ਹੋਇਆ ਹੈ। ਇਹ ਉਤਰ ਮੰਨਣ ਯੋਗ ਨਹੀਂ ਕਿ ਮੈਂ ਤਾਂ ਸਭ ਕੁਝ ਇਸ ਵਾਸਤੇ ਜਮਾਂ ਕੀਤਾ ਸੀ ਕਿ ਮਰਨ ਵੇਲੇ ਉਸਨੂੰ ਹੱਛੇ ਕੰਮਾਂ ਵਿਚ ਲਾਨ ਲਈ ਦੇ ਜਾਵਾਂ। ਮੇਰੇ ਵਿਚ ਇਹ ਕੋਈ ਖਾਸ ਖੂਬੀ ਦੀ ਗੱਲ ਨਹੀਂ ਹੈ ਕਿ ਮੈਂ ਘਸੀਆਂ ਹੋਈਆਂ ਪੁਰਾਣੀਆਂ ਜੁੱਤੀਆਂ ਜੋ ਹੁਣ ਮੇਰੇ ਕੰਮ ਦੀਆਂ ਨਹੀਂ ਰਹੀਆਂ ਦੂਜੇ ਪੁਰਸ਼ ਨੂੰ ਜਿਸਨੂੰ ਜੁੱਤੀਆਂ ਦੀ ਲੋੜ ਹੈ ਦੇਂਦਾ ਹਾਂ, ਪਰ ਜੋ ਖੂਬੀ ਦੀ ਗੱਲ ਹੈ ਜਾਂ ਜਿਸਨੂੰ ਖੂਬੀ ਆਖ ਸਕਦੇ ਹਾਂ. ਓਹ ਇਹ ਹੈ ਕਿ ਇਕ ਪੱਕੀ ਤੇ ਮਜ਼ਬੂਤ ਜੁੱਤੀ ਦਾ ਜੋੜਾ ਅਜਿਹੇ ਪੁਰਸ਼ ਨੂੰ ਦਿੱਤਾ ਜਾਵੇ, ਜਿਸਦੇ ਕੋਲ ਸਖਤ ਗਰਮੀ ਦੇ ਮੌਸਮ ਵਿਚ ਜੁੱਤੀ ਨਹੀਂ ਹੈ ਅਰ ਜੋ ਦਿਆਨਤ ਦਾਰੀ ਅਰ ਸਿਰ ਸੁੱਟ ਮੇਹਨਤ ਕਰਨ ਤੋਂ ਰੋਜ਼ੀ ਕਮਾਂਦਾ ਹੈ ਅਰ ਆਪਣੀ ਅਤੇ ਆਪਣੇ ਕਬੀਲੇ ਦੀ ਪਾਲਨਾਂ ਕਰਦਾ ਹੈ। ਅਰ ਜੋ ਜੁੱਤੀਆਂ ਦੇ ਨਾਲ ਮੈਂ ਉਸਨੂੰ ਆਪਣੀ ਹਮਦਰਦੀ ਦਾ ਹਿੱਸਾ ਭੀ ਦੇਂਦਾ ਹਾਂ, ਤਾਂ ਉਸਨੂੰ ਦੂਣੀ ਨਜ਼ਾਮਤ ਮਿਲ ਗਈ ਅਰ ਮੈਨੂੰ ਦੂਣੀ ਬਰਕਤ ਪ੍ਰਾਪਤ ਹੋ ਗਈ।

ਜਿਨ੍ਹਾਂ ਲੋਕਾਂ ਨੇ ਬਹੁਤ ਰੁਪਯਾ ਜਮਾਂ ਕਰ ਲੀਤਾ

ਹੈ, ਓਹਨਾਂ ਵਾਸਤੇ ਉਸ ਪੂੰਜੀ ਦਾ ਇਸਤਰਾਂ ਖਰਚ ਕਰਨਾ ਹੱਛਾ ਹੋਵੇਗਾ ਕਿ ਹਰ ਰੋਜ਼ ਜਦੋਂ ਤਾਈਂ ਕਿ ਓਹ ਜੀਉਂਦੇ ਰਹਿਨ, ਉਸਤੋਂ ਆਪਣੇ ਜੀਵਨ ਅਤੇ ਚਾਲ ਚਲਨ ਨੂੰ ਹੱਛਾ ਬਨਾਨ, ਇਸਤਰਾਂ ਨਾਲ ਓਹਨਾਂ ਦਾ ਜੀਵਨ ਦਿਨੋਂ ਦਿਨ ਵਧਦਾ ਜਾਵੇਗਾ ਅਤੇ ਤ੍ਰੱਕੀ ਕਰੇਗਾ। ਇਕ ਸਮਾਂ ਅਜਿਹਾ ਆਵੇਗਾ ਜਦੋਂ ਕਿ ਮਨੁਸ਼ ਦੇ ਵਾਸਤੇ ਇਹ ਗੱਲ ਬੁਰੀ ਸਮਝੀ ਜਾਵੇਗੀ ਕਿ ਓਹ ਮਰ ਗਿਆ ਅਰ ਆਪਣੇ ਪਿੱਛੇ ਬਹੁਤ ਕੁਝ ਛੱਡ ਕੇ ਮਰ ਗਿਆ। ਕਹਾਵਤ ਹੈ:"ਰਖਵਾਲੇ ਮਰ ਜਾਨਗੇ, ਪੰਛੀ ਖੇਤੀ ਖਾਨਗੇ"।

ਬਹੁਤ ਸਾਰੇ ਪੁਰਸ਼ ਅਜ ਕੱਲ ਮਹੱਲਾਂ ਵਿਚ ਜੀਵਨ ਬਤੀਤ ਕਰ ਰਹੇ ਹਨ, ਜੋ ਜੀਵਨ ਦੀ ਅਸਲੀ ਖੁਸ਼ੀ ਦੇ ਲਿਹਾਜ਼ ਨਾਲ ਅਸਲ ਵਿਚ ਓਹਨਾਂ ਪੁਰਸ਼ਾਂ ਤੋਂ ਭੀ ਗਰੀਬ ਹਨ, ਜਿਨ੍ਹਾਂ ਦੇ ਛੱਪਰਾਂ ਤੇ ਘਾਹ ਫੂਸ ਨਹੀਂ ਹੈ। ਸੰਭਵ ਹੈ ਕਿ ਇਕ ਪੁਰਸ਼ ਦੇ ਕੋਲ ਮਹੱਲ ਹੋਵੇ ਅਰ ਓਹ ਉਸ ਵਿਚ ਰਹੇ, ਪਰ ਇਹ ਮਹੱਲ ਭੀ ਉਸਦੇ ਵਾਸਤੇ ਇਕ ਮੁਥਾਜ ਖਾਨਾਂ ਹੋਵੇ "ਭਲੀ ਸੁਹਾਵੀ ਛਾਪਰੀ ਜਾਮਹਿ ਗੁਣ ਗਾਇ। ਕਿਤਹੀ ਕਾਜ ਨ ਧਉਲਹਰ ਜਿਤ ਹਰਿ ਬਿਸਰਾਇ।"

ਵੇਖੋ ਕੁਦਰਤ ਦਾ ਪ੍ਰਬੰਧ ਕਿਹਾ ਹੀ ਹੱਛਾ ਹੈ ਕਿ ਜੋ ਚੀਜ਼ ਅਕੱਠੀ ਕੀਤੀ ਹੋਈ ਹੈ ਅਰ ਇਸ ਵਾਸਤੇ ਕਿਸੇ ਕੰਮ ਨਹੀਂ ਆ ਸਕਦੀ, ਉਸਦੇ ਤਿੱਤ ਬਿੱਤ ਕਰਨੇ ਅਰ ਪ੍ਰੇਸ਼ਾਨ ਕਰਨ ਲਈ ਪ੍ਰਮਾਤਮਾਂ ਨੇ ਕੀੜੇ ਅਤੇ ਜੰਗਲ ਪੈਦਾ ਕਰ ਦਿੱਤੇ ਹਨ, ਤਾਕਿ ਉਸਦੇ ਕੰਮ ਵਿਚ

ਆਉਣ ਦੀ ਇਹ ਨਵੀਂ ਸੂਰਤ ਨਿਕਲ ਆਵੇ। ਇਕ ਹੋਰ ਵੱਡਾ ਅਸੂਲ ਜਾਂ ਕਾਨੂਨ ਉੱਤੇ ਕੁੱਤੀ ਅਮਲ ਕਰਦਾ ਰਹਿੰਦਾ ਹੈ ਅਰ ਉਸ ਅਸੂਲ ਜਾਂ ਕਾਨੂਨ ਦੇ ਨਤੀਜੇ ਇਹ ਹਨ, ਕਿ ਜੋ ਪੁਰਸ਼ ਕੇਵਲ ਅਕੱਠਾ ਕਰਦਾ ਰਹਿੰਦਾ ਹੈ, ਉਸਦੀਆਂ ਸਾਰੀਆਂ ਉੱਚ ਸ਼ਕਤੀਆਂ ਅਰ ਅਸਲੀ ਅਨੰਦ ਪ੍ਰਾਪਤ ਕਰਨ ਦੀਆਂ ਸ਼ਕਤੀਆਂ ਨੀਵੀਆਂ ਅਤੇ ਅਭਾਵ ਹੋ ਜਾਂਦੀਆਂ ਹਨ।

ਬਹੁਤ ਸਾਰੇ ਲੋਕ ਉੱਚ ਤੋਂ ਉੱਚ ਚੀਜ਼ਾਂ ਥੀਂ ਦੂਰ ਰਹਿੰਦੇ ਹਨ, ਕਿਉਂਕਿ ਓਹ ਸਦੀਵ ਪੁਰਾਣੀਆਂ ਚੀਜ਼ਾਂ ਨਾਲ ਪਿਆਰ ਰੱਖਦੇ ਹਨ, ਜੇ ਓਹਨਾਂ ਪੁਰਾਣੀਆਂ ਚੀਜ਼ਾਂ ਨੂੰ ਕੰਮ ਵਿਚ ਲਿਆਵੀਏ ਅਰ ਓਹਨਾਂ ਨੂੰ ਦੇ ਦੇਵੀਏ, ਤਾਂ ਅੱਗੋਂ ਨਵੀਆਂ ਚੀਜ਼ਾਂ ਵਾਸਤੇ ਗੁੰਜਾਇਸ਼ ਹੋ ਸਕਦੀ ਹੈ, ਅਕੱਠਾ ਕਰਨ ਤੋਂ ਸਦੀਵ ਕਿਸੇ ਨਾਂ ਕਿਸੇ ਤਰਾਂ ਦੀ ਹਾਨੀ ਪੁਜਦੀ ਰਹਿੰਦੀ ਹੈ, ਖਰਚ ਕਰਨ ਤੋਂ ਅਰ ਸਿਆਨਪ ਨਾਲ ਖਰਚ ਕਰਨ ਤੋਂ ਸਦੀਵ ਨਵਾਂ ਲਾਭ ਪ੍ਰਾਪਤ ਹੁੰਦਾ ਰਹਿੰਦਾ ਹੈ।

ਜੇ ਬ੍ਰਿਛ ਮੂਰਖਤਾ ਅਤੇ ਲਾਲਚ ਦੇ ਕਾਰਨ ਏਸ ਸਾਲੋਂ ਦੇ ਪੱਤਿਆਂ ਨੂੰ ਕੰਮ ਦੇ ਚੁਕਨ ਤੋਂ ਪਿੱਛੋਂ ਆਪਣੇ ਉੱਤੇ ਰਹਨ ਦੇਵਨ, ਤਾਂ ਫੇਰ ਉਸਨੂੰ ਬਸੰਤੀ ਬਹਾਰ ਵਿਚੋਂ ਪੂਰਨ ਅਤੇ ਸੁੰਦ੍ਰ ਨਵਾਂ ਜੀਵਨ ਕਦੋਂ ਪ੍ਰਾਪਤ ਹੋ ਸਕਦਾ ਹੈ? ਗਿਰਾਉ ਹੌਲੀ ੨ ਆਉਂਦਾ ਹੈ ਅਰ ਸਭ ਤੋਂ ਛੇਕੜ ਮੌਤ ਆਉਂਦੀ ਹੈ, ਹਾਂ ਜੇ ਬ੍ਰਿਛ ਨੂੰ ਹੁਣੇ ਹੀ ਮੌਤ ਆ ਜਾਵੇ ਤਾਂ ਫੇਰ ਉਸਦੇ ਵਾਸਤੇ ਇਹ ਹੱਛਾ ਹੋਵੇ ਕਿ ਓਹ ਪੁਰਾਣੇ ਪੱਤਿਆਂ ਅਤੇ ਚੀਜ਼ਾਂ ਨਾਲ ਪਿਆਰ

ਰੱਖੇ ਅਰ ਓਹਨਾਂ ਨੂੰ ਨਾਂ ਛੱਡੇ, ਕਿਉਂਕਿ ਹੋਰ ਨਵੇਂ ਪੱਤੇ ਉਸ ਪਰ ਹੁਣ ਨਹੀਂ ਆਉਣਗੇ, ਪਰ ਜਦੋਂ ਤਾਈਂ ਬ੍ਰਿਛ ਵਿਖੇ ਜੀਵਨ ਸੱਤਾ ਆਪਣਾ ਅਮਲ ਕਰ ਰਹੀ ਹੈ, ਤਦੋਂ ਤਾਈਂ ਇਹ ਜ਼ਰੂਰੀ ਹੈ ਕਿ ਓਹ ਪੁਰਾਣੇ ਪੱਤਿਆਂ ਨੂੰ ਛੱਡ ਦੇਵੇ, ਤਾਕਿ ਓਹਨਾਂ ਦੀ ਥਾਂ ਨਵੇਂ ਪੱਤੇ ਆ ਸੱਕਨ।

ਧਨ ਦੌਲਤ ਇਸ ਸ੍ਰਿਸ਼ਟੀ ਦਾ ਅਸੂਲ ਹੈ, ਹਰ ਤਰਾਂ ਦੀ ਲੋੜ ਵਾਸਤੇ ਆਪਣੇ ਆਪ ਕਾਫੀ ਸਾਮਾਨ ਪ੍ਰਾਪਤ ਹੋ ਜਾਂਦਾ ਹੈ, ਜੇਕਰ ਏਸਦੀ ਪ੍ਰਾਪਤੀ ਦੇ ਰਾਹ ਵਿਚ ਕੋਈ ਰੋਕ ਨਾਂ ਆਨ ਪਵੇ। ਸਾਡੇ ਵਾਸਤੇ ਕੁਦਰਤੀ ਅਤੇ ਅਸਲੀ ਜੀਵਨ ਇਹ ਹੈ ਕਿ ਅਸੀ ਸਦੀਵ ਬੇਅੰਤ ਜੀਵਨ ਅਤੇ ਤਾਕਤ ਦੇ ਨਾਲ ਆਪਣੀ ਐਸੀ ਇਕ ਰਸ ਏਕਤਾ ਅਨਭਉ ਕਰਕੇ ਅਜੇਹੇ ਪੂਰਣ ਜੀਵਨ ਅਤੇ ਸ਼ਕਤੀ ਦੀ ਪ੍ਰਾਪਤੀ ਕਰੀਏ ਕਿ ਸਾਨੂੰ ਪਤਾ ਲੱਗ ਜਾਵੇ ਜਿਨ੍ਹਾਂ ਸਾਰੀਆਂ ਚੀਜ਼ਾਂ ਦੀ ਸਾਨੂੰ ਲੋੜ ਹੈ, ਓਨਾਂ ਦਾ ਜ਼ਖੀਰਾ ਸਦੀਵ ਹੀ ਸਾਡੇ ਪਾਸ ਮੌਜੂਦ ਹੈ।

ਏਸ ਵਾਸਤੇ ਅਕੱਠਾ ਕਰਨ ਤੋਂ ਨਹੀਂ, ਸਗੋਂ ਜੋ ਚੀਜ਼ਾਂ ਸਾਡੇ ਕੋਲ ਆਵਨ, ਓਹਨਾਂ ਨੂੰ ਸਿਆਣਪ ਨਾਲ ਕੰਮ ਵਿਚ ਲਿਆਉਣ ਅਤੇ ਖਰਚ ਕਰਨ ਤੋਂ ਹੀ ਇਕ ਹਮੇਸ਼ਾ ਨਵਾਂ ਜ਼ਖੀਰਾ ਸਾਡੇ ਪਾਸ ਜਮਾਂ ਰਹੇਗਾ ਅਰ ਇਹ ਨਵਾਂ ਜ਼ਖੀਰਾ ਪੁਰਾਣੇ ਜ਼ਖੀਰੇ ਨਾਲੋਂ ਸਾਡੀਆਂ ਵਰਤਮਾਨ ਲੋੜਾਂ ਲਈ ਬਹੁਤ ਹੀ ਜ਼ਿਆਦਾ ਲਾਭਦਾਇਕ ਅਤੇ ਕੰਮ ਆਉਨ ਵਾਲਾ ਹੋਵੇਗਾ, ਇਸ ਤ੍ਰੀਕੇ ਨਾਲ ਸਾਨੂੰ ਆਪੇ ਅਪਾਰ ਨੇਕੀ ਦੇ ਮਾਲਾ ਮਾਲ (ਭਰਪੂਰ) ਖਜ਼ਾਨੇ ਹੀ ਪ੍ਰਾਪਤ ਨਹੀਂ ਹੋ ਜਾਨਗੇ, ਸਗੋਂ

ਸਾਡੇ ਦੁਆਰਾ ਇਹ ਖਜ਼ਾਨੇ ਹੋਰਨਾਂ ਨੂੰ ਭੀ ਮਿਲ ਸੱਕਣਗੇ।

ਸੁ ਇਕ ਰੂਪ ਜਾਨਬੋ । ਦੁਵੈਤ ਕੋ ਨਸਾਨਬੋ।
ਇਹੋ ਸਦਾ ਚਿਤ੍ਰਾਰਤੇ। ਅਨੇਕਤਾ ਨਿਵਾਰਤੇ॥੧॥
ਜਬੈ ਭਰੰਮ ਨਾਸਿ ਹੈ । ਇਕੇਕ ਹੀ ਪ੍ਰਕਾਸ ਹੈ।
ਨ ਭਿੰਨ ਆਪ ਤੇ ਰਹੇ। ਸਭੈ ਨਿਜਾਪਮੇਂ ਲਹੈ॥੨॥
ਅਪਾਰ ਏਹ ਭਾਵ ਜੋ। ਨਿਹਾਰ ਹੈ ਸੁਆਵਤੇ।
ਅਪਾਨ ਮੇਂ ਸੁਖੇਨ ਹੀ। ਜਥਾ ਸੁ ਰਾਹ ਤਿਨ ਕੀ॥੩॥
ਦਏ ਸਦਾ ਜਿਤੋ ਚਹੇ। ਨ ਟੋਟ ਮੂਲ ਹੀ ਲਹੇ।
ਨ ਆਵ ਜਾਵ ਮੇਂ ਘਟੇ। ਸਦੈਵ ਬਾਢ ਤੇ ਜੁਟੇ॥੪॥
ਨਫਾ ਸਦਾ ਦਏਇ ਹੈ। ਨ ਹਾਰਜਾ ਕਰੇਇ ਹੈ।
ਜਪੋ ਸੁ ਸੱਤ ਨਾਮ ਕੋ। ਹੈਂ ਯਹੀ ਬਡੇ ਕਾਮ ਕੋ॥੫॥
ਗੁਰੂ ਗੁਰੂ ਧਿਆਵਤੇ। ਪਰੰਮ ਪਦ ਪਾਵਤੇ।
ਅਪਾਰ ਮੌਜ ਮਾਨੀਏਂ। ਨ ਸ਼ੰਕ ਰੰਚ ਆਨੀਏਂ॥੬॥

---

੧੦. ਮਨੁਸ਼ ਕਿਸ ਢੰਗ ਨਾਲ ਪੈਗੰਬਰ, ਵਲੀ ਅਤੇ ਮੁਕਤੀ ਦਾਤਾ ਬਣੇ?

ਸੁਰਤਿ ਸੁਰਤਿ ਰਲਾਈਏ ਸਬਦ ਸੁਰਤਿ ਇਕ ਤਾਰ।
ਤਾਰ ਬਾਂਧ ਊਪਰ ਚਢੇ ਤਰਿ ਤਾਰੇ ਸੰਸਾਰ॥

ਏਥੋਂ ਤਾਈਂ ਤਾਂ ਮੈਂ ਤੁਹਾਡੇ ਅੱਗੇ ਏਹਨਾਂ ਸੱਚੇ

ਮਸਲਿਆਂ ਨੂੰ ਸਾਫ ਸਾਫ ਅਤੇ ਬਿਨਾਂ ਘਾਟੇ ਵਾਧੇ ਦੇ ਵਰਨਨ ਕਰਨ ਦਾ ਯਤਨ ਕੀਤਾਹੈ ਅਰ ਹਰਇਕ ਚੀਜ਼ ਦਾ ਵਰਨਨ ਆਪਣੇ ਨਿਜ ਦੇ ਵਿਚਾਰ ਅਤੇ ਅੰਤ੍ਰ ਦ੍ਰਿਸ਼ਟੀ ਦੇ ਅਧਾਰ ਤੇ ਕੀਤਾ ਹੈ। ਮੇਰਾ ਇਹ ਉਦੇਸ਼ ਰਿਹਾ ਹੈ ਕਿ ਮੈਂ ਕਿਸੇ ਅਜੇਹੀ ਵਸਤੂ ਦਾ ਵਰਨਨ ਨਹੀਂ ਕਰਾਂਗਾ, ਜੋ ਦੂਜਿਆਂ ਦੀਆਂ ਹਿਦਾਇਤਾਂ ਤੇ ਨਿਰਭਰ ਹੋਵੇ, ਭਾਵੇਂ ਇਹ ਹਿਦਾਇਤਾਂ ਓਹਨਾਂ ਪੁਰਸ਼ਾਂ ਦੀਆਂ ਹੀ ਹੋਣ ਜਿਨ੍ਹਾਂ ਨੂੰ ਰੱਬੀ ਇਲਹਾਮ ਹੋਏ ਹਨ। ਆਓ! ਹੁਣ ਅਸੀ ਇਨ੍ਹਾਂ ਓਹਨਾਂ ਹੀ ਵੱਡੇ ਵੱਡੇ ਮਸਲਿਆਂ ਨੂੰ ਬਰਾ ਓਹਨਾਂ ਖਿਆਲਾਂ ਅਤੇ ਹਦਾਇਤਾਂ ਦੇ ਅਨੁਸਾਰ ਵਿਚਾਰ ਕਰੀਏ ਜੋ ਕਿ ਸੰਸਾਰ ਦੇ ਬਾਜੇ ਵਡੇ ਵਡੇ ਸਿਆਣਿਆਂ ਤੇ ਪੂਰਨ ਪੁਰਖਾਂ ਨੇ ਪ੍ਰਗਟ ਕੀਤੇ ਹਨ। ਤੁਹਾਨੂੰ ਯਾਦ ਹੋਵੇਗਾ ਕਿ ਇਨ੍ਹਾਂ ਸਫਿਆਂ ਵਿਚ ਜੋ ਖਿਆਲ ਪ੍ਰਗਟ ਕੀਤਾ ਗਿਆ ਹੈ, ਉਸਦਾ ਨਿਚੋੜ ਮਾਤ੍ਰ ਇਹ ਹੈ ਕਿ ਮਨੁਸ਼ ਜੀਵਨ ਵਿਚ ਵੱਡੀ ਲੋੜਵੰਦੀ (ਕੰਦ੍ਰੀ) ਗੱਲ ਇਹ ਹੈ ਕਿ ਅਸੀ ਅਪਾਰ ਜੀਵਨ ਨਾਲ ਆਪਣੀ ਏਕਤਾ ਨੂੰ ਵਾਸਤਵਿਕ ਅਨਭਉ ਨਾਲ ਸਮਝੀਏ ਅਰ ਇਸ ਈਸ਼੍ਵਰੀ ਰੌ ਨੂੰ ਆਪਣੇ ਅੰਦ੍ਰ ਸੁਤੰਤ੍ਰਤਾ ਨਾਲ ਆਉਣ ਦੇਈਏ। ਇਕ ਮੰਹਾਤਮਾਂ ਨੇ ਕਥਨ ਕੀਤਾ ਹੈ ਕਿ "ਮੈਂ ਅਤੇ ਮੇਰਾ ਸੱਚਾ ਪਿਤਾ ਇਕ ਹੀ ਹਾਂ" ਇਸ ਬਾਣੀ ਵਿਚ ਅਸੀ ਵੇਖਦੇ ਹਾਂ ਕਿ ਓਹਨਾਂ ਨੇ ਈਸ਼੍ਵਰ ਪ੍ਰਮਾਤਮਾਂ ਦੇ ਜੀਵਨ ਨਾਲ ਆਪਣੀ ਏਕਤਾ ਕੈਸੀ ਸਪਸ਼ਟਤਾ ਨਾਲ ਪ੍ਰਵਾਨ ਕੀਤੀ ਹੈ, ਫੇਰ ਓਹਨਾਂ ਨੇ ਕਿਹਾ ਕਿ ਜੋ ਗੱਲਾਂ ਮੈਂ ਤੁਹਾਨੂੰ ਆਖਦਾ ਹਾਂ ਆਪਣੀਆਂ ਨਹੀਂ

ਆਖਦਾ, ਸਗੋਂ ਓਹੋ ਪਿੱਤਾ ਜੋ ਮੇਰੇ ਅੰਦਰ ਹੈ ਇਹ ਕੰਮ ਕਰਦਾ ਹੈ। ਇਸ ਗੱਲ ਤੋਂ ਸਾਫ ਸਾਫ ਇਹ ਮਲੂਮ ਹੁੰਦਾ ਹੈ ਕਿ ਉਸਨੇ ਇਸ ਗੱਲ ਨੂੰ ਮੰਨ ਲਿਆ ਹੈ ਕਿ ਮੈਂ ਆਪ ਕੁਝ ਨਹੀਂ ਕਰ ਸਕਦਾ, ਮੈਂ ਕੇਵਲ ਈਸ਼ੁਰ ਪ੍ਰਮਾਤਮਾਂ ਦੇ ਨਾਲੇ ਮਿਲਕੇ ਕੰਮ ਕਰਦਾ ਹਾਂ। ਅੱਗੇ ਜਾ ਕੇ ਓਹਨਾਂ ਨੇ ਆਖਿਆ ਹੈ ਕਿ ਮੇਰਾ ਪਿਤਾ ਕੰਮ ਕਰਦਾ ਹੈ ਤੇ ਮੈਂ ਕੰਮ ਕਰਦਾ ਹਾਂ। ਦੂਜੇ ਲਫਜ਼ਾਂ ਵਿਚ ਮੇਰਾ ਪਿਤਾ ਮੈਨੂੰ ਬਲ ਬਖਸ਼ਦਾ ਹੈ ਤੇ ਮੈਂ ਉਸ ਸ਼ਕਤੀ ਨੂੰ ਆਪਣੇ ਅੰਦਰ ਆਉਨ ਦੇਂਦਾ ਹਾਂ ਅਰ ਉਸ ਸ਼ਕਤੀ ਦੇ ਨਾਲ ਮਿਲਕੇ ਕੰਮ ਕਰਦਾਹਾਂ।

ਓਸੇ ਨੇ ਫੇਰ ਕਿਹਾ ਹੈ ਕਿ ਪੈਹਲਾਂ ਤੁਸੀ ਪ੍ਰਮਾਤਮਾਂ ਦੀ ਪਾਤਸ਼ਾਹੀ ਅਰ ਉਸਦੀ ਸਚਾਈ ਨੂੰ ਢੂੰਡੋ, ਬਾਕੀ ਸਾਰੀਆਂ ਚੀਜਾਂ ਆਪਣੇ ਆਪ ਤੁਹਾਨੂੰ ਮਿਲ ਜਾਨਗੀਆਂ ਅਰ ਸਾਨੂੰ ਇਸ ਗੱਲ ਦਾ ਯਥਾਰਥ ਮਤਲਬ ਸਮਝਨ ਲਈ ਓਸਨੇ ਭੁਲੇਖੇ ਵਿਚ ਨਹੀਂ ਛੱਡਿਆ, ਅਰਥਾਤ ਓਸਦੇ ਅਰਥ ਭੀ ਉਸਨੇ ਸਾਫ ਕਰ ਦਿੱਤੇ ਹਨ, ਕਿਉਂਕਿ ਫੇਰ ਉਸਨੇ ਕਹਿ ਦਿੱਤਾ ਹੈ ਕਿ ਇਧ ਨਾਂ ਆਖੋ ਕਿ ਇਹ ਵੇਖੋ ਅਰ ਨਾਂ ਹੀ ਇਹ ਆਖੋ ਕਿ ਔਹ ਵੇਖੋ। ਕੀ ਤੁਸੀ ਨਹੀਂ ਜਾਨਦੇ ਕਿ ਸੁਰਗ ਦੀ ਪਾਤਸ਼ਾਹੀ ਤੁਹਾਡੇ ਅੰਦਰ ਮੌਜੂਦ ਹੈ,ਉਸਦੀ ਸਿੱਖਿਆ ਦੇ ਅਨੁਸਾਰ ਪ੍ਰਮਾਤਮਾਂ ਦੀ ਪਾਤਸ਼ਾਹੀ ਤੇ ਸੁਰਗ ਦੀ ਪਾਤਸ਼ਾਹੀ ਇਕ ਹੀ ਤੇ ਓਹੀ ਹਨ, ਇਸ ਵਾਸਤੇ ਜੇ ਉਸਦੀ ਸ਼ੁਭਸਿਖਯਾ ਇਹ ਹੈ ਕਿ ਸੁਰਗ ਸਾਡੇ ਅੰਦਰ ਹੈ, ਤਾਂ ਕੀ ਇਸਦੇ ਸਾਫ ੨ ਇਹ ਅਰਥ ਨਹੀਂ

ਹਨ ਕਿ ਉਸਦੀ ਸਿਖਯਾ ਕੇਵਲ ਇਹ ਹੈ ਕਿ ਤੁਸੀ ਆਪਣੇ ਉਸ ਸੱਚੇ ਪਿਤਾ ਦੇ ਜੀਵਨ ਨਾਲ ਆਪਣੀ ਏਕਤਾ ਨੂੰ ਜਜੋਂ ਕੀ ਤਜੋਂ, ਅਨਭਵ ਕਰੋ। ਜਦੋਂ ਤੁਸੀ ਇਸ ਏਕਤਾ ਨੂੰ ਅਨਭਉ ਕਰ ਲਵੋਗੇ, ਤਦੋਂ ਇਹ ਪਾਤਸ਼ਾਹੀ ਤੁਹਾਨੂੰ ਮਿਲ ਜਾਏਗੀ ਅਰ ਜਦੋਂ ਇਹ ਪਾਤਸ਼ਾਹੀ ਤੁਹਾਨੂੰ ਮਿਲ ਜਾਏਗੀ, ਬਾਕੀ ਸਾਰੀਆਂ ਚੀਜ਼ਾਂ ਪ੍ਰਾਪਤ ਹੋ ਜਾਨਗੀਆਂ।

"ਜੇ ਤੂ ਮੇਰਾ ਹੋਇ ਰਹੇ ਸਭ ਜਗ ਤੇਰਾ ਹੋਇ"

ਫਜ਼ੂਲ (ਅਯੋਗ) ਖਰਚ ਪੁਤ ਦੀ ਕਹਾਣੀ ਉਸ ਉੱਚ ਵਿਦ੍ਯਾ ਦੀ ਇਕ ਹੋਰ ਹੱਛੀ ਉਦਾਹਰਣ ਹੈ, ਜਦੋਂ ਇਹ ਫਜ਼ੂਲ ਖਰਚ ਪੁਤ੍ਰ ਹਰ ਇਕ ਸ਼ੈ ਨੂੰ ਖਾ ਉਡਾ ਚੁਕਿਆ ਅਰ ਸੰਸਾਰਕ ਖੁਸ਼ੀਆਂ ਦੀ ਭਾਲ ਵਿਚ ਸਾਰੇ ਸੰਸਾਰ ਵਿਚ ਧੱਕੇ ਖਾ ਚੁਕਾ ਅਤੇ ਮਲੂਮ ਕਰ ਚੁਕਿਆ ਕਿ ਉਸ ਕੋਲੋਂ ਉਸਨੂੰ ਪ੍ਰਸੰਨਤਾ ਨਹੀਂ ਹੋਈ, ਸਗੋਂ ਓਹ ਪਸ਼ੂਆਂ ਦੇ ਟੋਲੇ ਵਿਚ ਆ ਗਿਆ, ਤਦੋਂ ਓਹ ਹੋਸ਼ ਵਿਚ ਆਇਆ ਅਰ ਕਹਿਣ ਲੱਗਾ ਕਿ ਮੈਂ ਹੁਣ ਉੱਠ ਕੇ ਆਪਣੇ ਪਿਤਾ ਦੇ ਕੋਲ ਜਾਂਦਾ ਹਾਂ। ਉਸਦੇ ਅਰਥ ਇਹ ਹਨ ਕਿ ਬਹੁਤ ਕੁਝ ਵਿਖਿਆਂ ਦੀ ਅਵਾਰਾ ਗਰਦੀ ਦੇ ਪਿੱਛੋਂ ਅੰਤ ਨੂੰ ਉਸੇ ਪੁਰਸ਼ ਦੀ ਆਤਮਾਂ ਉਸ ਨਾਲ ਗੱਲ ਕਰਦਿਆਂ ਕਹਨ ਲੱਗੀ ਕਿ ਤੁਸੀ ਨਿਚੇ ਜਾਨਵਰ ਨਹੀਂ ਹੋ, ਤੁਸੀ ਆਪਣੇ ਸੱਚੇ ਪਿਤਾ ਦੇ ਲੜਕੇ ਹੋ, ਉਠੋ ਅਰ ਆਪਣੇ ਬਾਪ ਦੇ ਪਾਸ ਜਾਓ, ਜਿਸਦੇ ਹੱਥ ਵਿਚ ਸਾਰੀਆਂ ਚੀਜ਼ਾਂ ਹਨ। ਫੇਰ ਮਹਾਤਮਾਂ ਨੇ ਕਿਹਾ ਕਿ ਇਸ ਸੰਸਾਰਵਿਚ ਕਿਸੇ ਪੁਰਸ਼ਨੂੰ

ਆਪਣਾ ਪਿਤਾ ਨਾਂ ਕਹੋ, ਕਿਉਂਕਿ ਤੁਹਾਡਾ ਅਸਲੀ ਪਿਤਾ ਇਕ ਹੀ ਹੈ ਅਤੇ ਓਹ ਵਿਸ਼ੇਸ਼ ਕਰਕੇ 'ਸੱਚ ਖੰਡ' ਵਿਖੇ ਹੈ, ਏਥੇ ਓਹਨਾਂ ਇਸ ਗੱਲ ਨੂੰ ਮੰਨਿਆਂ ਹੈ ਕਿ ਅਸਲੀ ਜੀਵਨ ਸਿੱਧਾ ਈਸ਼੍ਵਰ ਪ੍ਰਮਾਤਮਾਂ ਦੇ ਜੀਵਨ ਥੀਂ ਬਖਸ਼ਿਆ ਹੋਇਆ ਹੈ। ਸਾਡੇ ਮਾਤਾ ਪਿਤਾ ਕੇਵਲ ਸਾਡੇ ਸਰੀਰ ਦੇ ਬਨਾਨ ਵਾਲੇ ਹਨ, ਇਹ ਸਰੀਰ ਮਕਾਨਾਂ ਦੀ ਨਿਆਈਂ ਹਨ, ਜਿਨ੍ਹਾਂ ਵਿਚ ਅਸੀ ਰਹਿੰਦੇ ਹਾਂ, ਪਰ ਅਸਲੀ ਜੀਵਨ ਜੀਵਨ ਦੇ ਅਪਾਰ ਸੋਮੇਂ (ਪ੍ਰਮਾਤਮਾਂ) ਤੋਂ ਜੋ ਸਾਡਾ ਸੱਚਾ ਪਿਤਾ ਹੈ ਮਿਲਦਾ ਹੈ।

ਇਕ ਦਿਹਾੜੇ ਕਿਸੇ ਨੇ ਮਹਾਤਮਾਂ ਜੀ ਨੂੰ ਕਿਹਾ ਕਿ ਤੁਹਾਡੀ ਮਾਤਾ ਅਤੇ ਭ੍ਰਾਤਾ ਬਾਹਰ ਖਲੇ ਹੋਏ ਹੋਏ ਹਨ ਅਰ ਤੁਹਾਨੂੰ ਕੁਝ ਕਹਿਣਾ ਚਾਹੁੰਦੇ ਹਨ। ਓਹਨਾਂ ਨੇ ਕਿਹਾ ਕਿ ਮੇਰਾ ਮਾਤਾ ਪਿਤਾ ਕੌਣ ਹੈ ਅਰ ਮੇਰੇ ਭਾਈ ਕੌਣ ਹਨ ? ਜਿਹੜਾ ਪੁਰਸ਼ ਮੇਰੇ ਸੱਚੇ ਪਿਤਾ ਦਾ ਜੋ ਕਿ ਸੁਰਗ ਵਿਚ ਹੈ ਹੁਕਮ ਮੰਨਦਾ ਹੈ, ਓਹੀ ਮੇਰਾ ਭਾਈ ਹੈ, ਓਹੀ ਮੇਰੀ ਭੈਣ ਅਤੇ ਓਹੀ ਮੇਰੀ ਮਾਤਾ ਹੈ।

ਬਹੁਤ ਸਾਰੇ ਲੋਕ ਝੂਠੀ ਰਿਸ਼ਤੇਦਾਰੀ ਦੇ ਸੰਬੰਧ ਵਿਚ ਫਸੇ ਹੋਏ ਹਨ, ਪਰ ਸਾਡੇ ਵਾਸਤੇ ਇਸ ਗੱਲ ਦਾ ਯਾਦ ਰੱਖਣਾ ਚੰਗਾ ਹੈ, ਅਸਲ ਵਿਚ ਸਾਡੇ ਅਸਲੀ ਸੰਬੰਧੀ ਜ਼ਰੂਰ ਓਹੋ ਲੋਕ ਹੀ ਨਹੀਂ ਹਨ, ਜਿਨ੍ਹਾਂ ਨਾਲ ਸਾਡਾ ਖੂਨ ਮਿਲਿਆ ਹੋਇਆ ਹੈ। ਸਾਡੇ ਅਸਲੀ ਅਤੇ ਨੇੜੇ ਦੇ ਸੰਬੰਧੀ ਸਚ ਮੁਚ ਓਹ ਲੋਕ ਹਨ, ਜੋ ਸਾਡੇ ਨਾਲ ਆਤਮਾਂ, ਮਨ ਅਤੇ ਸੁਭਾਉ ਕਰਕੇ ਮਿਲਦੇ ਜੁਲਦੇ ਹਨ। ਮੁਮਕਿਨ ਹੈ ਕਿ ਸਾਡੇ ਅਜਿਹੇ ਸੰਬੰਧੀ ਧਰਤੀ ਮੰਡਲ

ਦੇ ਦੂਜੇ ਪਾਸਿ ਸਾਥੋਂ ਬਹੁਤ ਦੂਰ ਰਹਿੰਦੇ ਹਨ ਅਰ ਅਸਾਂ ਨੇ ਹੁਣ ਤਾਈਂ ਓਹਨਾਂ ਨੂੰ ਵੇਖਿਆ ਭੀ ਨਾਂ ਹੋਵੇ, ਪਰ ਇਹ ਜ਼ਰੂਰੀ ਹੈ ਕਿ ਖਿੱਚ ਦੇ ਨਿਯਮ ਦੁਆਰਾ ਜੋ ਸਦੀਵ ਆਪਣਾ ਅਮਲ ਕਰਦਾ ਰਹਿੰਦਾ ਹੈ ਅਰ ਕਦੇ ਭੀ ਨਹੀਂ ਟਲਦਾ, ਅਸੀ ਉਸੇ ਜੀਵਨ ਦੀ ਸੂਰਤ ਵਿਖੇ ਜਾਂ ਦੂਸਰੇ ਜੀਵਨ ਵਿਚ ਓਹਨਾਂ ਨਾਲ ਜਾ ਕੇ ਮਿਲ ਪਵਾਂਗੇ।

ਜਦੋਂ ਸਾਈਂ ਲੋਕਾਂ ਨੇ ਇਹ ਹੁਕਮ ਦਿੱਤਾ ਕਿ ਇਸ ਸੰਸਾਰ ਵਿਚ ਕਿਸੇ ਪੁਰਸ਼ ਨੂੰ ਆਪਣਾ ਸੱਚਾ ਪਿਤਾ ਨਾਂ ਆਖੋ, ਕਿਉਂਕਿ ਅਸਲ ਵਿਚ ਤੁਹਾਡਾ ਸੱਚਾ ਪਿਤਾ ਇਕ ਹੀ ਹੈ ਅਰ ਓਹ ਸਰਬ ਵਯਾਪੀ ਹੈ, ਤਾਂ ਉਸਤੋਂ ਓਹਨਾਂ ਨੇ ਏਸ ਉੱਚ ਖਿਆਲ ਨੂੰ ਪ੍ਰਗਟ ਕੀਤਾ ਕਿ ਈਸ਼੍ਵਰ ਸਾਰਿਆਂ ਦਾ ਸੱਚਾ ਪਿਤਾ ਹੈ, ਏਸ ਵਾਸਤੇ ਜੇ ਪ੍ਰਮਾਤਮਾਂ ਸਭਨਾਂ ਦਾ ਪਿਤਾ ਹੈ, ਤਾਂ ਅਸੀ ਆਪੋ ਵਿਚ ਭੈਣ ਭਰਾ ਹੋਏ, ਪਰੰ ਇਸਤੋਂ ਭੀ ਉੱਚ ਤੋਂ ਉੱਚ ਖਿਆਲ ਇਹ ਹੈ ਕਿ ਈਸ਼੍ਵਰ ਅਤੇ ਜੀਵ ਇਕ ਹਨ ਅਰ ਏਸੇ ਕਰਕੇ ਸਾਰੇ ਮਨੁਸ਼ ਮਾਤ੍ਰ ਇਕ ਹਨ। ਜਦੋਂ ਅਸੀ ਇਸ ਗੱਲ ਨੂੰ ਚੰਗੀ ਤਰਾਂ ਨਿਸਚੇ ਕਰ ਲੈਂਦੇ ਹਾਂ, ਤਾਂ ਸਾਨੂੰ ਸਾਫ ਸਾਫ ਮਲੂਮ ਹੋ ਜਾਂਦਾ ਹੈ ਕਿ ਜਿੰਨੀ ਅਸੀ ਅਪਾਰ ਜੀਵਨ ਨਾਲ ਏਕਤਾ ਸਮਝਾਂਗੇ, ਅਰ ਇਸੇ ਤਰਾਂ ਜਿੰਨਾ ਅਸੀ ਪ੍ਰਮਾਤਮਾਂ ਵਲ ਆਪਣਾ ਕਦਮ ਵਧਾਵਾਂਗੇ, ਓਨਾਂ ਅਸੀ ਹਰ ਇਕ ਮਨੁਸ਼ ਮਾਤ੍ਰ ਨੂੰ ਇਸ ਉੱਚ ਤੋਂ ਉੱਚ ਗਿਆਨ ਦੇ ਵਾਸਤੇ ਸਹਾਇਤਾ ਦੇਵਾਂਗੇ ਅਰ ਓਹਨਾਂ ਨੂੰ ਹੌਲੀ ਹੌਲੀ ਉੱਚ ਪਦਵੀ ਅਰਥਾਤ ਪ੍ਰਮਾ

ਤਸ਼੍ਰਾਂ ਵਲ ਪੈਰ ਧਰਨ ਦੇ ਲਾਇਕ ਬਨਾ ਸੱਕਾਂਗੇ।

ਫੇਰ ਉਸਨੇ ਅਪਾਰ ਜੀਵਨ ਨਾਲ ਸਾਡਾ ਅਸਲੀ ਸੰਬੰਧ ਜਤਾਇਆ ਹੈ,ਜਦ ਉਸਨੇ ਆਖਿਆ ਕਿ ਜਦੋਂ ਤਾਈਂ ਤੁਸੀ ਮਸੂਮ ਬੱਚੇ ਨਾਂ ਬਣੇ ਰਹੋ, ਅਰਥਾਤ ਝੂਠੀਆਂ ਚਤਰਾਈਆਂ ਤੋਂ ਨਾਂ ਬਚੋ, ਤਦੋਂ ਤਾਈਂ ਤੁਸੀ ਸੁਰਗ ਦੀ ਪਾਤਸ਼ਾਹੀ ਦੇ ਅੰਦ੍ਰ ਦਾਖਲ ਨਹੀਂ ਹੋ ਸਕੋਗੇ।

ਜਦ ਉਸਨੇ ਇਹ ਕਿਹਾ ਕਿ ਮਨੁਸ਼ ਜੀਵਨ ਦਾ ਵਸੀਲਾ ਕੇਵਲ ਰੋਟੀ ਨਹੀਂ ਹੈ, ਸਗੋਂ ਉਸ ਜੀਵਨ ਦਾ ਵਸੀਲਾ ਓਹ ਵਾਕ(ਗੁਰਬਾਣੀ)ਹੈ ਜੋ ਪ੍ਰਮਾਤਮਾਂ ਦੀ ਤਰਫੋਂ ਪ੍ਰਗਟ ਹੁੰਦਾ ਹੈ। ਉਸ ਕਥਨ ਵਿਚ ਭੀ ਉਸਨੇ ਇਕ ਵੱਡੇ ਅਰਥ ਭਰੇ ਮਸਲੇ ਦੀ ਸਿਖਯਾ ਕੀਤੀ ਹੈ, ਜਿਸਨੂੰ ਅਜੇ ਪੂਰੀਤਰਾਂ ਨਾਲ ਅਸੀ ਨਹੀਂ ਸਮਝੇ ਹਾਂ,ਜਾਂ ਜਿਸਨੂੰ ਅਸਾਂ ਨੇ ਅਜੇ ਸਮਝਨਾ ਸ਼ੁਰੂ ਕੀਤਾ ਹੈ। ਏਥੇ ਓਹਨਾਂ ਨੇ ਇਹ ਸਿਖਯਾ ਦਿੱਤੀ ਹੈ ਕਿ ਸ੍ਰੀਰਕ ਜੀਵਨ ਕੇਵਲ ਮਾਇਕ ਖੁਰਾਕ ਥੀਂ ਕਾਇਮ ਨਹੀਂ ਰਹਿ ਸਕਦਾ, ਸਗੋਂ ਜਿੰਨਾ ਕੋਈ ਪੁਰਸ਼ ਉਸ ਬੇਅੰਤ ਸੋਮੇਂ ਨਾਲ ਆਪਣਾ ਸੰਬੰਧ ਰੱਖਦਾ ਹੈ,ਓਨਾਂ ਹੀ ਵਧਕੇ ਉਸਦੇ ਸਰੀਰ ਦੀ ਬਨਾਵਟ ਅਰ ਸ੍ਰੀਰਕ ਕਰਤੱਬ ਪ੍ਰਗਟ ਹੁੰਦੇ ਹਨ। ਧੰਨ ਹਨ ਓਹ ਪੁਰਸ਼ ਜਿਨ੍ਹਾਂ ਦੇ ਅੰਤਾਕਾਰ ਪਵਿਤ੍ਰ ਹਨ, ਕਿਉਂਕਿ ਓਹਨਾਂ ਨੂੰ ਈਸ਼੍ਵਰ ਦ੍ਰਿਸ਼ਟੀ ਆਵੇਗਾ। ਇਹ ਬਾਤ ਇਉਂ ਹੀ ਹੈ ਕਿ ਜੋ ਲੋਕ ਇਸ ਸਾਰੀ ਸ੍ਰਿਸ਼ਟੀ ਵਿਚ ਕੇਵਲ ਪ੍ਰਮਾਤਮਾਂ ਨੂੰ ਪਛਾਨ ਲੈਂਦੇ ਹਨ ਓਹ ਧੰਨ ਹਨ,ਕਯੋਂਕਿ ਏਸੇ ਤਰ੍ਹਾਂ ਨਾਲ ਇਹ ਪ੍ਰਮਾਤਮਾਂ ਨੂੰ ਵੇਖ ਲੈਣਗੇ।

ਵਾਹਿਗੁਰੂ ਜੀ ਦੇ ਸਾਰੇ ਹੀ ਪਿਆਰਿਆਂ ਨੇ ਆਖਿਆ

ਹੈ ਕਿ ਜੋ ਪੁਰਸ਼ ਆਪਣੇ ਹੀ ਆਤਮਾਂ ਵਿਖੇ ਸਰਵ ਜੀਵਾਂ ਦੀ ਉੱਚ ਤੋਂ ਉੱਚ ਆਤਮਾਂ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਅਰ ਸਾਰੇ ਲੋਕਾਂ ਨੂੰ ਇਕੋ ਜਿਹੀ ਨਜ਼ਰ ਨਾਲ ਵੇਖਦਾ ਹੈ, ਓਹ ਪੁਰਸ਼ ਅਤਯੰਤ ਉੱਤਮ ਪ੍ਰਸੰਨਤਾ ਪ੍ਰਾਪਤ ਕਰਦਾ ਹੈ। ਐਥਨੇਸਸ ਨੇ ਇਹ ਆਖਿਆ ਸੀ ਕਿ "ਅਸੀ ਚਮੜੇ ਦੇ ਸਰੀਰ ਵਿਚ ਹੀ ਰਹਿਕੇ ਰੱਬ ਹੋ ਸਕਦੇ ਹਾਂ" ਗਊਤਮ ਜੋ ਪਿੱਛੋਂ ਬੁਧ ਦੇ ਨਾਮ ਤੋਂ ਪ੍ਰਸਿੱਧ ਹੋਇਆ ਹੈ, ਓਹਨਾਂ ਦੇ ਜੀਵਨ ਅਤੇ ਉਪਦੇਸ਼ ਵਿਚ ਭੀ ਏਸ ਵੱਡੇ ਮਸਲੇ ਦੀ ਸਿਖਯਾ ਕੀਤੀ ਗਈ ਹੈ, ਜਿਸਤੇ ਅਸੀ ਹੁਣ ਵਿਚਾਰ ਕਰ ਰਹੇ ਹਾਂ। ਓਹਨਾਂ ਦਾ ਕਥਨ ਹੈ ਕਿ ਲੋਕ ਇਸ ਵਾਸਤੇ ਗੁਲਾਮੀ ਦੀ ਹਾਲਤ ਵਿਚ ਹਨ ਕਿ ਓਹਨਾਂ ਅਜੇ ਤਾਈਂ "ਮੈਂ" ਅਰਥਾਤ ਖੁਦੀ ਦਾ ਖਿਆਲ ਆਪਣੇ ਦਿਲਾਂ ਤੋਂ ਦੂਰ ਨਹੀਂ ਕੀਤਾ ਹੈ, ਵੱਖਰੇ ਹੋਨ ਦਾ ਖ਼ਿਆਲ ਕਤੱਈ ਦੂਰ ਕਰ ਦੇਣਾ ਅਰ ਇਹ ਸਮਝ ਲੇਣਾ ਕਿ ਮਨੁਖ ਅਤੇ ਬੇਅੰਤ ਈਸ਼੍ਵਰ ਦੋਵੇਂ ਇਕ ਹੀ ਹਨ, ਬੁਧ ਜੀ ਮਹਾਂਰਾਜ ਦੀ ਸਿੱਖਿਆ ਦਾ ਨਿਚੋੜ ਇਹੀ ਹੈ। ਵਿਚਲੇ ਸਮੇਂ ਦੇ ਮਹਾਤਮਾਂ ਲੋਕਾਂ ਦੇ ਜੀਵਨ ਵਿਚ ਇਹੀ ਇਕ ਵੱਡਾ ਮਸਲਾ ਆਮ ਤੌਰ ਤੇ ਪ੍ਰਚੱਲਤ ਸੀ, ਅਰਥਾਤ ਪ੍ਰਮਾਤਮਾਂ ਨਾਲ ਮੇਲ ਜਾਂ-ਮਿਲਾਪ।

ਜੇ ਅਸੀ ਆਪਣੇ ਜ਼ਮਾਨੇ ਦੇ ਨੇੜੇ ਆਵੀਏ, ਤਾਂ ਭੀ ਅਸੀ ਵੇਖਦੇ ਹਾਂ ਕਿ ਜੋ ਅਤੀ ਪ੍ਰਸਿੱਧ ਵਲੀ "ਐਮਨੀਊਇਲ ਸੁਈਡਨ ਬਰਗ" ਹੋਇਆ ਹੈ, ਉਸਨੇ "ਦੈਵੀ ਧਾਰਾ" (ਈਸ਼੍ਵਰੀ ਰੌ) ਸੰਬੰਧੀ ਵੱਡੇ ੨ ਕਾਨੂਨ

ਦੱਸੇ ਹਨ ਅਰ ਇਹਭੀ ਪ੍ਰਗਟ ਕੀਤਾਹੈ ਕਿ ਇਸ ਰੌ(ਸੋਮੇਂ) ਨੂੰ ਆਪਣਾ ਕੰਮ ਕਰਨ ਲਈ ਪੂਰੀ ਤਰਾਂ ਨਾਲ ਮਨੁਸ਼ ਦੇ ਅੰਦਰ ਆਉਣ ਦੇਨ ਦਾ ਤ੍ਰੀਕਾ ਕੀ ਹੈ? ਫਰੈਂਡਜ਼ ਜੋ ਇਕ ਮਜ਼ਹਬੀ ਫਿਰਕੇ ਦੇ ਲੋਕਾਂ ਦਾ ਨਾਮ ਹੈ, ਓਹਨਾਂ ਦੇ ਮਜ਼ਹਬ ਅਤੇ ਪੂਜਾ ਦੇ ਅਨੁਸਾਰ ਅਸਲੀ ਹਕੀਕਤ ਅੰਦ੍ਰਲਾ ਪ੍ਰਕਾਸ਼ ਜਾਂ ਇਲਹਾਮ ਹੈ, ਅਰਥਾਤ ਪ੍ਰਮਾਤਮਾਂ ਮਨੁਸ਼ ਦੀ ਆਤਮਾਂ ਵਿਚ ਸਿੱਧਾ ਬਾਤ ਚੀਤ ਕਰਦਾ ਹੈ, ਜਿਨਾ ਕਿ ਅਸੀ ਆਤਮਾਂ ਨੂੰ ਉਸ ਲਈ ਖੁਲ੍ਹਿਆਂ ਕਰੀਏ । ਐਮਰਸਨ ਜੋ ਇਲਹਾਮ ਨਾਲ ਭਰਪੁਰ ਸੀ ਉਸਨੇ ਭੀ ਆਪਣੇ ਬਚਨਾਂ ਵਿਚ ਏਸੇ ਵੱਡੇ ਮਸਲੇ ਨੂੰ ਮੰਨਿਆਂ ਹੈ ਕਿ ਸਾਰੇ ਅਸੀ ਜੀਵਨ ਦੇ ਵੱਡੇ ਸਾਗਰ ਦੇ ਸਾਹਮਣੇ ਖਾਡੀਆਂ ਵਰਗੇ ਹਾਂ ਅਰ ਜਦੋਂ ਉਸਨੇ ਈਸ਼੍ਵਰੀ ਰੌ ਨੂੰ ਪੂਰੀ ਪੂਰੀ ਤਰਾਂ ਆਪਣੇ ਅੰਦਰ ਆਉਣ ਦਿੱਤਾ, ਤਦੋਂ ਉਸਦੇ ਅੰਦਰ ਪ੍ਰਮਾਤਮਾਂ ਵਲੋਂ ਇਲਹਾਮ ਹੋਣ ਲੱਗ ਗਿਆ।

ਸਾਰੀ ਸ੍ਰਿਸ਼ਟੀ ਦਾ ਇਤਿਹਾਸ ਵੇਖਨ ਤੋਂ ਮਲੂਮ ਹੁੰਦਾ ਹੈ ਕਿ ਜੋ ਲੋਕ ਚਾਹੇ ਮਰਦ ਹੋਵਨ ਚਾਹੇ ਇਸਤ੍ਰੀ, ਅਸਲੀ ਸਿਆਣਪ ਅਤੇ ਤਾਕਤ ਦੀ ਪਾਤਸ਼ਾਹੀ ਵਿਚ ਅਰ ਏਸੇ ਕਰਕੇ ਅਸਲੀ ਅਮਨ ਅਤੇ ਖੁਸ਼ੀ ਦੀ ਪਾਤ-ਸ਼ਾਹੀ ਵਿਚ ਦਾਖਲ ਹੋਏ ਹਨ, ਓਹਨਾਂ ਨੇ ਇਸ ਉੱਚ ਸ਼ਕਤੀ ਨਾਲ ਮਿਲਕੇ ਜੀਵਨ ਬਤੀਤ ਕੀਤਾ ਹੈ, ਅਰ-ਥਾਤ ਪ੍ਰਮਾਤਮਾਂ ਦੇ ਅੰਦ੍ਰਲੇ ਹੁਕਮਾਂ ਦੇ ਅਨੁਸਾਰ (ਭਾਣੇਂ ਤੇ ਰਾਜ਼ੀ) ਰਹਿਕੇ ਵਰਤੇ ਹਨ। ਹਜ਼ਰਤ ਦਾਊਦ ਇਕ ਵੱਡੇ ਪੱਕੇ ਅਤੇ ਸਮਰੱਥ ਪੁਰਖ ਹੋਏ ਹਨ ਅਰ ਓਹਨਾਂ

ਦੀ ਆਤਮਾਂ ਭਗਵੰਤ ਦੀ ਸਿਫਤ ਸਲਾਹੁਣੋਂ ਵਿਚ ਅਜੇਹੀ ਵਗ ਤੁਰੀ ਕਿ ਓਹ ਠੀਕ ਦਰਜੇ ਵਿਚ ਰੱਬੀ ਧੁਨ ਸੁਣਨ ਲੱਗ ਪਈ ਅਰ ਆਪਣੀ ਉੱਚ ਲਗਨ ਮੁਜਬ ਉਸੇ ਵਿਚ ਹੀ ਮਗਨ ਰਹਿੰਦੀ ਸੀ। ਜਦੋਂ ਕਦੀ ਓਹ ਇਉਂ ਨਹੀਂ ਕਰਦੀ ਸੀ, ਤਦੋਂ ਅਸੀ ਸੁਣਦੇ ਹਾਂ ਕਿ ਓਹਨਾਂ ਦੀ ਆਤਮਾਂ ਦੁਖ ਅਤੇ ਗ਼ਮ ਦੇ ਮਾਰੇ ਚੀਕਦੀ ਸੀ ਅਰ ਰੋਂਦੀ ਸੀ, ਇਹੀ ਗੱਲ ਹਰ ਇਕ ਕੌਮ ਜਾਂ ਲੋਕਾਂ ਤੇ ਵਾਪਰ ਸਕਦੀ ਹੈ । ਜਦੋਂ ਤਾਈਂ ਅਸ੍ਰਾਈਲੀਏ ਪ੍ਰਮਾਤਮਾਂ ਨੂੰ ਮੰਨਦੇ ਰਹੇ ਅਰ ਉਸਦੀ ਹਦਾਇਤ ਤੇ ਅਮਲ ਕਰਦੇ ਰਹੇ, ਤਦੋਂ ਤਾਈਂ ਓਹ ਖੁਸ਼ਹਾਲ ਸੰਤੋਖੀ ਅਰ ਬਲਵਾਨ ਰਹੇ ਅਰ ਕੋਈ ਚੀਜ਼ ਓਹਨਾਂ ਤੇ ਪ੍ਰਬਲ ਨਾਂ ਹੋ ਸਕੀ, ਪਰ ਜਦੋਂ ਓਹਨਾਂ ਨੇ ਕੇਵਲ ਆਪਣੀ ਹੀ ਤਾਕਤ ਤੇ ਨਿਰਭਰ ਮੰਨਿਆਂ ਅਰ ਈਸ਼੍ਵਰ ਪ੍ਰਮਾਤਮਾਂ ਨੂੰ ਆਪਣੀ ਪ੍ਰਪੱਕਤਾ ਦਾ ਸੋਮਾਂ ਨਾਂ ਸਮਝਿਆ, ਤਦੋਂ ਅਸੀ ਵੇਖਦੇ ਹਾਂ ਕਿ ਓਹ ਅਧੀਨ ਹੋ ਗਏ, ਗੁਲਾਮ ਬਨ ਗਏ, ਜਾਂ ਨਿਰਾਸ ਹੋ ਗਏ।

ਇਹ ਮਸਲਾ ਇਕ ਵੱਡੇ ਅਟੱਲ ਕਾਨੂਨ ਤੇ ਨਿਰਭਰ ਹੈ। ਮੁਬਾਰਕ ਹਨ ਓਹ ਲੋਕ ਜੋ ਅਕਾਲੀ ਬਾਣੀ ਨੂੰ ਕੰਨ ਦੇਕੇ ਸੁਣਦੇ ਹਨ ਅੰਰ ਉਸਤੇ ਅਮਲ ਕਰਦੇ ਹਨ, ਓਹਨਾਂ ਦੇ ਪਿੱਛੇ ਤਾਂ ਫੇਰ ਸਭ ਕੁਝ ਚਲਿਆ ਆਉਂਦਾ ਹੈ। ਜਿੰਨਾ ਅਸੀ ਉੱਚ ਤੋਂ ਉੱਚ ਪ੍ਰਕਾਸ਼ ਦੇ ਅਨੁ-ਸਾਰ ਜੀਵਨ ਬਤੀਤ ਕਰਾਂਗੇ, ਓਨਾਂ ਅਸੀ ਸਜਾਣੇ ਹੋਵਾਂਗੇ।

ਸ੍ਰਿਸ਼ਟੀ ਦੇ ਇਤਿਹਾਸ ਵਿਚ ਸਾਰੇ ਅਵਤਾਰਾਂ, ਤ੍ਰਿਕਾਲ ਦਰਸੀਆਂ, ਰਿਖੀਆਂ ਅਤੇ ਮੁਕਤੀ ਦਾਤਿਆਂ

(ਮੁਨੀਆਂ) ਨੇ ਜੋ ਦਰਜੇ ਅਤੇ ਬਲ ਪ੍ਰਾਪਤ ਕੀਤੇ ਸਨ, ਇਹ ਸਭ ਓਹਨਾਂ ਨੂੰ ਉੱਕਾ ਇਕ ਕੁਦਰਤੀ ਅਮਲ ਜਾਂ ਤ੍ਰੀਕੇ ਤੋਂ ਪ੍ਰਾਪਤ ਹੋਏ ਸਨ। ਇਨ੍ਹਾਂ ਸਾਰਿਆਂ ਨੇ ਇਸ ਗੱਲ ਨੂੰ ਪ੍ਰਵਾਨ ਕੀਤਾ ਅਰ ਹੱਛੀ ਤਰਾਂ ਅਨਭਉ ਕੀਤਾ ਕਿ ਸਾਡੇ ਜੀਵਨ ਵਿਚ ਅਤੇ ਪ੍ਰਮਾਤਮਾਂ ਦੇ ਵਿਚ ਕੁਝ ਫਰਕ ਨਹੀਂ ਹੈ ਦੋਵੇਂ ਇਕ ਹਾਂ। ਪ੍ਰਮਾਤਮਾਂ ਦੇ ਪਾਸ ਖਾਸ ਪੁਰਸ਼ ਦੀ ਇੱਜ਼ਤ ਨਹੀਂ ਹੁੰਦੀ, ਉਸਦੇ ਸਾਹਮਣੇ ਆਪਣੇ ੨ ਅਮਲਾਂ ਦੇ ਅਨੁਸਾਰ ਮਾਨ ਪਾਉਂਦੇ ਹਨ, ਓਹ ਆਪਣੇ ਵਲੋਂ ਆਮ ਮਹਾਤਮਾਂ ਲੋਕਾਂਨੂੰ ਅਵਤਾਰ, ਤ੍ਰਿਕਾਲ ਦਰਸੀ, ਰਿਖੀ ਅਤੇ ਮੁਨੀ ਪੈਦਾ ਨਹੀਂ ਕਰਦਾ, ਓਹ ਤਾਂ ਕੇਵਲ ਆਦਮੀ ਪੈਦਾ ਕਰਦਾ ਹੈ, ਪਰ ਓਹਨਾਂ ਪੁਰਸ਼ਾਂ ਵਿਚੋਂ ਕਿਧਰੇ ਕਿਧਰੇ ਕੋਈ ਪੁਰਸ਼ ਆਪਣੇ ਸ੍ਵੈ ਸਰੂਪ ਅਤੇ ਅਸਲੀਅਤ ਨੂੰ ਪਛਾਨ ਲੈਂਦਾ ਹੈ ਅਰ ਬੇਅੰਤ ਜੀਵਨ ਦੇ ਨਾਲ ਆਪਣੀ ਏਕਤਾ ਮਲੂਮ ਕਰ ਲੈਂਦਾ ਹੈ, ਓਹ ਪੁਰਸ਼ ਇਸੇ ਏਕਤਾ ਦੇ ਅਨਭਉ ਵਿਖੇ ਜੀਵਨ ਬਤੀਤ ਕਰਦਾ ਹੈ ਅਰ ਹੌਲੀ ਹੌਲੀ ਅਵਤਾਰ ਆਦਿਕ ਬਨ ਜਾਂਦਾ ਹੈ। ਪ੍ਰਮਾਤਮਾਂ ਦੇ ਦਰਵਾਜ਼ੇ ਤੇ ਕਿਸੇ ਖਾਸ ਜਾਤ ਜਾਂ ਕੌਮ ਦਾ ਭੀ ਲਿਹਾਜ਼ ਨਹੀਂ, ਓਹ ਕੋਈ ਖਾਸ ਲੋਕਾਂ ਨੂੰ ਆਪਣੇ ਵਲੋਂ ਨਹੀਂ ਚੁਣਦਾ, ਭਾਵ ਕੋਈ ਖਾਸ ਫਿਰਕਾ ਉਸਦੀ ਨਜ਼ਰ ਵਿਚ ਮਨਜ਼ੂਰ ਨਹੀਂ ਹੁੰਦਾ, ਪਰ ਕਿਧਰੇ ਕਿਧਰੇ ਕੋਈ ਖਾਸ ਫਿਰਕਾ ਜਾਂ ਕੌਮ ਪ੍ਰਮਾਤਮਾਂ ਨੂੰ ਮੰਨਣ ਲੱਗ ਪੈਂਦੀ ਹੈ ਅਰ ਇਸ ਕਰਕੇ ਇਕ ਈਸ਼੍ਵਰ ਦੇ ਪਿਆਰੇ (ਸੰਤਾਂ) ਜਾਂ ਅਨੋਖੇ ਲੋਕਾਂ ਵਰਗਾ ਜੀਵਨ ਬਤੀਤ ਕਰਨ ਲੱਗ ਜਾਂਦੀ ਹੈ।

ਕਰਾਮਾਤਾਂ ਵਾਸਤੇ ਕੋਈ ਖਾਸ ਸਮਾਂ ਜਾਂ ਅਸਥਾਨ ਨਹੀਂ ਚੁਣਿਆਂ ਗਿਆ, ਜਿਨ੍ਹਾਂ ਗੱਲਾਂ ਨੂੰ ਅਸੀ ਕਰਾਮਾਤਾਂ ਆਖਦੇ ਹਾਂ ਓਹ ਆਪਣੇ ਆਪਣੇ ਅਉਸਰ ਅਨੁਸਾਰ ਹਰ ਥਾਂ ਤੇ ਹਰ ਸਮੇਂ ਵਿਚ ਹੋਈਆਂ ਹਨ, ਏਹ ਕਰਾਮਾਤਾਂ ਪੈਹਲੀਆਂ ਵਾਂਗ ਹੁਣ ਭੀ ਹੋ ਰਹੀਆਂ ਹਨ, ਜਦੋਂ ਕਿ ਉਹਨਾਂ ਨੂੰ ਵਰਤੋਂ ਵਿਚ ਲਿਆਉਨ ਵਾਲੇ ਨਿਯਮਾਂ ਦੀ ਪਾਬੰਦੀ ਕੀਤੀ ਜਾਂਦੀ ਹੈ।ਅਸਾਂ ਸੁਣਿਆਂ ਹੈ ਕਿ ਜੋ ਮਹਾਂਪੁਰਖ ਲੋਕ ਕਰਤਾਰ ਦੇ ਭਾਣੇ ਵਿਚ ਚਲਦੇ ਸਨ, ਓਹ ਬੜੇ ਬਲੀ ਅਤੇ ਮਹਾਨ ਪੁਰਖ ਸਨ, ਅਸਲ ਵਿਚ ਓਹਨਾਂ ਲੋਕਾਂ ਦੇ ਐਸੇ ਹੋਨ ਦਾ ਭੇਤ ਭੀ ਏਸੇ ਵਿਚ ਹੈ ਕਿ ਓਹ ਕਰਤਾਰ ਦੇ ਫੁਰਮਾਨ ਤੇ ਅਮਲ ਕਰਦੇ ਸਨ।ਏਥੇ ਭੀ ਕਾਰਜ ਕਾਰਨ ਦੀ ਲੜੀ ਜਾਰੀ ਹੈ।

ਅਕਾਲ ਪੁਰਖ ਕਿਸੇ ਆਦਮੀ ਨੂੰ ਖੁਸ਼ਹਾਲ ਨਹੀਂ ਬਨਾਂਦਾ, ਸਗੋਂ ਓਹ ਆਦਮੀ ਆਪੇ ਹੀ ਖੁਸ਼ਹਾਲ ਹੋ ਜਾਂਦਾ ਹੈ, ਇਸ ਵਾਸਤੇ ਕਿ ਓਹ ਈਸ਼੍ਵਰ ਤੇ ਨਿਸਚਾ ਕਰਦਾ ਹੈ ਅਰ ਉੱਚ ਤੋਂ ਉੱਚ ਕਾਨੂਨ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ। ਹਜ਼ਰਤ ਸੁਲੇਮਾਨ ਨੂੰ ਇਸ ਗੱਲ ਦਾ ਮੌਕਿਆ ਦਿੱਤਾ ਗਿਆ ਸੀ ਕਿ ਓਹ ਜੋ ਚਾਹੁਨ ਸੋ ਮੰਗ ਲੈਨ, ਓਹਨਾਂ ਨੇ ਆਪਣੀ ਉੱਚ ਨਿਰਣੇ ਸ਼ਕਤੀ ਦੁਆਰਾ ਸਿਆਣਪ ਮੰਗੀ, ਪਰ ਜਦੋਂ ਓਹਨਾਂ ਨੇ ਦਨਾਈ ਮੰਗੀ, ਤਾਂ ਓਹਨਾਂ ਨੇ ਮਲੂਮ ਕਰ ਲੀਤਾ ਕਿ ਉਸ ਵਿਚ ਹੋਰ ਸਭੋ ਕੁਝ ਹੀ ਆ ਗਿਆ ਹੈ। ਕਿਹਾ ਜਾਂਦਾ ਹੈ ਕਿ ਪ੍ਰਮਾਤਮਾਂ ਨੇ ਫਰਾਊਨ ਨੂੰ ਸਖ਼ਤ ਦਿਲ ਬਣਾਇਆ, ਅਰਥਾਤ ਫਰਾਊਨ ਨੂੰ ਜ਼ਾਲਮ

ਬਨਾਇਆ, ਮੈਂ ਇਸ ਗੱਲ ਨੂੰ ਨਹੀਂ ਮੰਨਦਾ, ਕਰਤਾਰ ਕਿਸੇ ਦੇ ਦਿਲ ਨੂੰ ਸਖ਼ਤ ਨਹੀਂ ਬਨਾਂਦਾ। ਫਰਾਊਨ ਨੇ ਆਪ ਆਪਣੇ ਦਿਲ ਨੂੰ ਸਖ਼ਤ ਕਰ ਲੀਤਾ ਸੀ ਅਰ ਕਰਤਾਰ ਉੱਤੇ ਇਸ ਗੱਲ ਦੀ ਊਜ ਲਾ ਦਿੱਤੀ ਹੈ, ਪਰ ਜਦ ਫਰਾਊਨ ਨੇ ਆਪਣੇ ਦਿਲ ਨੂੰ ਸਖਤ ਕਰ ਲੀਤਾ ਅਰ ਈਸ਼੍ਵਰੀ ਹੁਕਮਾਂ ਦੀ ਨਾਫਰਮਾਨੀ ਕੀਤੀ, ਤਾਂ ਤਾਊਨ ਵਰਗੀਆਂ ਬੀਮਾਰੀਆਂ ਜਾਂ ਆਫਤਾਂ ਆਈਆਂ। ਏਥੇ ਭੀ ਕਾਰਜ ਕਾਰਨ ਦੀ ਲੜੀ ਸਮਝੋ। ਉਲਟ ਇਸਦੇ ਜੇ ਫਰਾਊਨ ਪ੍ਰਮਾਤਮਾਂ ਦੇ ਹੁਕਮਾਂ ਨੂੰ ਹੱਛੀ ਤਰਾਂ ਸੁਣਦਾ ਅਰ ਰੱਬੀ ਇਲਹਾਮ ਨੂੰ ਆਪਣੇ ਅੰਦ੍ਰ ਆਉਣ ਦੇਂਦਾ ਅਰ ਉਸਦੀ ਸਿਖਯਾ ਤੇ ਅਮਲ ਕਰਦਾ, ਤਾਂ ਤਾਊਨ ਆਦਿਕ ਬੀਮਾਰੀਆਂ ਜਾਂ ਆਫਤਾਂ ਨਾਂ ਆਉਂਦੀਆਂ।

ਅਸੀ ਆਪਣੇ ਵਾਸਤੇ ਆਪ ਹੀ ਹਿਤਕਾਰੀ ਮਿਤ੍ਰ ਜਾਂ ਅਪਕਾਰੀ (ਵੈਰੀ) ਹੋ ਸਕਦੇ ਹਾਂ, ਜਿੰਨਾ ਅਸੀ ਆਪਣੇ ਅੰਦਰ ਦੀ ਅਤੀ ਉੱਚ ਅਰ ਉੱਤਮ ਆਤਮਕ ਅਵਾਜ਼ਦੀ ਖੁਸ਼ੀ ਨਾਲ ਆਗਯਾਪਾਲਨ ਕਰਦੇ ਹਾਂ, ਓਨਾਂ ਅਸੀਂ ਸਾਰਿਆਂ ਦੇ ਮਿੱਤ੍ਰ ਹੋਵਾਂਗੇ ਅਰ ਜਿੰਨਾ ਅਸੀ ਆਪਣੇ ਅੰਦਰ ਦੀ ਅਤੀ ਉੱਤਮ ਅਤੇ ਹੱਛੀ ਅਵਾਜ਼ ਦੇ ਉਲਟ ਚੱਲਾਂਗੇ, ਓਨਾਂ ਹੀ ਅਸੀ ਸਾਰਿਆਂ ਦੇ ਵੈਰੀ ਹੋਵਾਂਗੇ। ਜਿੰਨਾ ਅਸੀ ਉੱਚ ਤਾਕਤਾਂ ਨੂੰ ਆਪਣੇ ਅੰਦਰ ਆਉਣ ਦੇਵੀਏ ਅਰ ਆਪਣੇ ਦੁਆਰਾ ਓਹਨਾਂ ਨੂੰ ਪ੍ਰਗਟ ਹੋਣ ਦੇਵੀਏ, ਤਦੋਂ ਅਸੀ ਓਨਾਂ ਹੀ ਅੰਤ੍ਰੀਵੀ ਇਲਹਾਮਾਂ ਅਰ ਰੱਬੀ ਹੁਕਮਾਂ ਕਰਕੇ ਇਸ ਤ੍ਰੀਕੇ ਨਾਲ

ਮਨੁਸ਼ ਮਾਤ੍ਰ ਦੇ ਮੁਕਤੀ ਦਾਤਾ ਹੋ ਸਕਦੇ ਹਾਂ ਅਰ ਇਸ ਤ੍ਰੀਕੇ ਨਾਲ ਅਸੀ ਸਾਰੇ ਇਕ ਦੂਜੇ ਦੇ ਮੁਕਤੀ ਦਾਤਾ ਹੁੰਦੇ ਹਾਂ, ਜਾਂ ਹੋ ਸਕਦੇ ਹਾਂ, ਇੰਸਤਰਾਂ ਨਾਲ ਅਸੀ ਅਸਲ ਵਿਚ ਸ੍ਰਿਸ਼ਟੀ ਦੇ ਮੁਕਤੀ-ਦਾਤਿਆਂ ਵਿਚੋਂ ਇਕ ਹੋ ਸਕਦੇ ਹਾਂ।

ਵੈਰ ਭਾਵ ਆਪ ਸਾਥ। ਮੀਤਤਾ ਬਹੋਰ ਲਾਖ।
ਆਪਨੇ ਅਧੀਨ ਆਹਿ। ਔਰ ਕੋਇ ਚੀਨ ਨਾਹਿ।

ਧਾਰ ਹੈ ਗਿਆਨ ਜੋਇ। ਮੀਤ ਆਪਨੋ ਲਖੋਇ।
ਬਾਹਰੀ ਬਰਿਤ ਵਾਨ। ਆਪ ਸਾਥ ਵੈਰਵਾਨ॥

ਖੋਲ ਦੇਹ ਬੰਦ ਚੀਤ। ਵਾਜ ਸੋਂ ਲਗਾਉ ਪ੍ਰੀਤਿ।
ਦਜਾਲਿ ਸੋ ਭਨੰਤ ਏਹ। ਚੀਨ ਖੂਬ ਸੰਤ ਲੇਹ॥

ਕੁੰਚਿਕਾ ਹ੍ਰਿਦੇ ਇਹੀ। ਭੰਡਾਰ ਖੋਲ ਹੈ ਸਹੀ।
ਵਰੱਤ ਏਸ ਮੁਜਬੇ। ਨ ਚਾਲ ਉਲਟੋ ਕਬੇ।

ਸਦੈਵ ਊਚ ਹੋਇਗੋ। ਸੁਖੀ ਨਿਸੰਕ ਸੋਇਗੋ।
ਏਸਤੇ ਵਿਰੁੱਧ ਚਾਲ। ਮਾਰਕੇ ਕਰੇ ਨਿਢਾਲ॥

ਚੈਨ ਨਾਹਿ ਪਾਇ ਸੋਇ। ਆਦਰੇ ਨ ਏਸ ਜੋਇ।
ਯਾਂਹਿ ਕੋ ਸੰਭਾਲ ਓਹ। ਬਾਚਗੇ ਜਮਾਨ ਜੋਹ॥

ਸੰਤ ਭੇ ਮਹੰਤ ਭਾਰ। ਤਰੇ ਦਿਏ ਬਿਅੰਤ ਤਾਰ।
ਸੱਤ ਨਾਮ ਕੋ ਚਿਤਾਰ। ਤੂੰ ਭਿ ਪਾਰ ਔਰ ਪਾਰ॥

੧੯. ਸਾਰੇ ਮਜ਼ਹਬਾਂ ਦੇ ਬੁਨਿਆਦੀ ਅਸੂਲ ਅਰ ਸਰਬ ਬਜਾਪੀ ਮਜ਼ਹਬ

ਝਗੜਾ ਝਾਂਜਾ ਕੁੱਝ ਨਾਂ ਇਕੋ ਮੁੱਖ ਅਸੂਲ।
ਇਕੋ ਮਾਲਕ ਸੱਭ ਦਾ ਇਕੋ ਨਾਮ ਕਬੂਲ॥

ਜਿਸ ਵੱਡੇ ਮਸਲੇ ਤੇ ਅਸੀ ਏਥੇ ਵਿਚਾਰ ਕਰ ਰਹੇ ਹਾਂ, ਓਹ ਸਾਰੇ ਮਜ਼ਹਬਾਂ ਦਾ ਬੁਨਿਆਦੀ ਅਸੂਲ ਹੈ, ਇਹ ਮਸਲਾ ਹਰ ਮਜ਼ਹਬ ਵਿੱਚ ਵੇਖਿਆ ਜਾਂਦਾ ਹੈ ਅਰ ਇਸਦੇ ਬਾਰੇ ਵਿਚ ਸਾਰਿਆਂ ਦਾ ਇਤਫਾਕ ਹੈ। ਇਸਤੋਂ ਛੁਟ ਇਹ ਇਕ ਅਜਿਹਾ ਵੱਡਾ ਮਸਲਾ ਹੈ ਕਿ ਸਾਰੇ ਲੋਕ ਇਸ ਨਾਲ ਸੰਮਤੀ ਕਰ ਸਕਦੇ ਹਨ, ਚਾਹੇ ਓਹ ਇਕ ਹੀ ਮਜ਼ਹਬ ਦੇ ਹੋਣ ਚਾਹੇ ਭਿੰਨ ੨ ਮਜ਼ਹਬਾਂ ਦੇ ਹੋਣ। ਲੋਕ ਤੁੱਛ ੨ ਜਿੰਨੀਆਂ ਗੱਲਾਂ ਤੇ ਅਰ ਛੋਟੇ ਛੋਟੇ ਜਾਤੀ ਮਾਮਲਿਆਂ ਵਿਚ ਆਪਣੀਆਂ ਆਪਣੀਆਂ ਸਲਾਹਵਾਂ ਤੇ ਲੜਦੇ ਝਗੜਦੇ ਰਹਿੰਦੇ ਹਨ, ਪਰ ਓਹ ਹਮੇਸ਼ਾ ਵੱਡੇ ਵੱਡੇ ਬੁਨਿਆਦੀ ਮਸਲਿਆਂ ਤੇ ਸੰਮਤੀ ਪ੍ਰਗਟ ਕਰਦੇ ਹਨ, ਕਿਉਂਕਿ ਏਹਨਾਂ ਦੀਆਂ ਤਾਰਾਂ ਸਾਰੇ ਫਿਰੀਆਂ ਹੋਈਆਂ ਹਨ, ਭਾਵ ਏਹਨਾਂ ਮਸਲਿਆਂ ਨੂੰ ਸਾਰੇ ਹੀ ਮੰਨਦੇ ਹਨ।

ਝਗੜੇ ਨੀਚ ਅੰਤਸ਼ਕਰਨ ਦੇ ਅਭਮਾਨ ਕਰਨ ਤੋਂ ਹੁੰਦੇ ਹਨ ਅਰ ਉੱਤਮ ਅੰਤਸ਼ਕਰਨ ਦੇ ਬਾਰੇ ਵਿਚ ਸਭਨਾਂ ਦੀ ਰਾਇ ਇਕ ਹੈ।

ਹੋ ਸਕਦਾ ਹੈ ਕਿ ਕਿਸੇ ਦੇਸ਼ ਵਿਚ ਭਿੰਨ ਭਿੰਨ

ਫਰੀਕ ਹੋਨ ਜੋ ਆਪੋ ਵਿਚ ਲੜਦੇ ਝਗੜਦੇ ਰਹਿਨ, ਪਰ ਜਦੋਂ ਇਸ ਦੇਸ ਵਿਚ ਇਕ ਬੜੀ ਭਾਰੀ ਮੁਸੀਬਤ ਯਥਾ ਮਹਾਂਮਾਰੀ, ਕਾਲ, ਵਬਾ (ਡਾਕੀ) ਆਦਕ ਆਵੇ, ਤਾਂ ਲੋਕ ਉਹਨਾਂ ਛੋਟੇ ਛੋਟੇ ਜਾਤੀ ਝਗੜਿਆਂ ਨੂੰ ਭੁਲ ਜਾਂਦੇ ਹਨ ਅਰ ਸਾਰੇ ਮਿਲਕੇ ਅੰਗ ਪ੍ਰਤਜੰਗ ਇਕ ਵੱਡੇ ਕੰਮ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਹਨ, ਬਦਲਨ ਵਾਲਾ ਅਤੇ ਪ੍ਰਗਟ ਹੋਨ ਵਾਲਾ ਅੰਤਸ਼ਕਰਨ ਝਗੜੇ ਪੈਦਾ ਕਰਦਾ ਹੈ, ਪਰ ਦ੍ਰਿੜ੍ਹ ਮਤ ਵਾਲਾ ਅਰ ਆਤਮਕ ਭਾਵ ਆਪਾ ਸਾਰਿਆਂ ਨਾਲ ਮਿਲਕੇ ਪਿਆਰ ਅਤੇ ਸੌੜ੍ਹਾ ਦੇ ਉੱਤਮ ਕੰਮ ਕਰਦਾ ਹੈ।

ਦੇਸ ਦਾ ਪਿਆਰ ਇਕ ਹੱਛੀ ਚੀਜ਼ ਹੈ, ਭਲਾ ਹੈ ਇਹ ਖਯਾਲ ਕਿ ਮੈਂ ਆਪਣੇ ਦੇਸ ਨਾਲ ਪਿਆਰ ਕਰਾਂ, ਪਰ ਏਹ ਕਿਉਂ ਕਿ ਮੈਂ ਆਪਣੇ ਦੇਸ ਨਾਲ ਜ਼ਯਾਦਾ ਪਿਆਰ ਕਰਾਂ ਅਰ ਹੋਰਨਾਂ ਲੋਕਾਂ ਨਾਲ ਘੱਟ ਪਿਆਰ ਕਰਾਂ ? ਜਾਂ ਮੈਂ ਆਪਣੇ ਹੀ ਆਦਮੀਆਂ ਨਾਲ ਮੁਹੱਬਤ ਕਰਾਂ ਅਰ ਹੋਰਨਾਂ ਤੋਂ ਘਿਣਾਂ ਕਰਾਂ? ਤਾਂ ਉਸ ਵਿਚ ਮੈਂ ਆਪਣੇ ਹੌਂਸਲੇ ਦੀ ਤੰਗੀ ਪ੍ਰਗਟ ਕਰਦਾ ਹਾਂ ਅਰ ਏਹ ਦੇਸ਼ ਹਿਤੈਸ਼ਤਾ ਮੇਰੀਆਂ ਅੱਖੀਆਂ ਵਿਚ ਭੀ ਠੀਕ ਨਹੀਂ ਜਚ ਸਕਦੀ, ਜੇ ਮੈਂ ਆਪਣੇ ਦੇਸ ਨਾਲ ਪਿਆਰ ਕਰਦਾ ਹਾਂ ਅਰ ਏਸੇ ਤਰਾਂ ਹੋਰ ਸਾਰੇ ਦੇਸਾਂ ਨਾਲ ਮੁਹੱਬਤ ਕਰਦਾ ਹਾਂ, ਤਾਂ ਮੈਂ ਬੜਾ ਖੁੱਲ੍ਹਾ ਹੌਂਸਲਾ ਪ੍ਰਗਟ ਕਰਦਾ ਹਾਂ ਅਰ ਇਸਤਰਾਂ ਦੀ ਦੇਸ਼ ਹਿਤੈਸ਼ਤਾ ਅਤੀ ਸੁੰਦਰ ਹੈ ਅਰ ਸਦੀਵ ਇਤਬਾਰ ਯੋਗ ਹੈ।

ਅਕਾਲ ਪੁਰਖ ਦੀਆਂ ਸਿਫਤਾਂ ਨਾਲ ਸਾਡੀ

ਸੰਮਤੀ ਹੈ, ਅਰਥਾਤ ਇਹ ਕਿ ਪ੍ਰਮਾਤਮਾਂ ਜੀਵਨ ਅਤੇ ਬਲ ਦੀ ਬੇਅੰਤ ਆਤਮਾਂ ਹੈ, ਉਹੀ ਆਤਮਾਂ ਸਾਰਿਆਂ ਦੇ ਅੰਦਰ ਅਰ ਸਭਨਾਂ ਦੁਆਰਾ ਕੰਮ ਕਰ ਰਹੀ ਹੈ ਅਰ ਉਹੀ ਸਭ ਦਾ ਜ਼ੀਵਨ ਹੈ। ਇਸ ਬਾਰੇ ਵਿਚ ਮੈਂ ਸਾਰੇ ਪੁਰਸ਼ਾਂ ਅਰ ਸਾਰੇ ਮਜ਼ਹਬਾਂ ਨਾਲ ਸੰਮਤੀ ਕਰ ਸਕਦਾ ਹਾਂ, ਇਸਤਰਾਂ ਦੇ ਖਿਆਲ ਨੂੰ ਦਿਲ ਵਿਚ ਥਾਂ ਦੇਣ ਤੋਂ ਨਾਂ ਕੋਈ ਕਾਫਰ ਬਨ ਸਕਦਾ ਹੈ ਨਾਂ ਦੇਹਰੀਆ (ਨਾਸਤਕ) ਅਕਾਲ ਪੁਰਖ ਦੀ ਬਾਬਤ ਹੋਰ ਬਹੁਤ ਸਾਰੇ ਖਿਆਲ ਹਨ, ਜਿਨ੍ਹਾਂ ਕਰਕੇ ਨਾਸਤਕ ਅਤੇ ਕਾਫਰ ਬਣ ਗਏ ਹਨ, ਪ੍ਰਮਾਤਮਾਂ ਦਾ ਸ਼ੁਕਰ ਹੈ ਕਿ ਅਜਿਹੇ ਲੋਕ ਭੀ ਇਥੇ ਮੌਜੂਦ ਹਨ। ਅਸਾਡੇ ਵਿਚ ਅਜੇਹੇ ਲੋਕ ਭੀ ਹਨ ਜੋ ਮਜ਼ਹਬੀ ਜੋਸ਼ ਨਾਲ ਭਰੇ ਹੋਏ ਅਰ ਸਰਗਰਮ ਹਨ, ਪਰ ਉਹ ਪ੍ਰਮਾਤਮਾਂ ਨੂੰ ਅਜਿਹੇ ਗੁਣਾਂ ਵਾਲਾ ਵਰਨਨ ਕਰਦੇ ਹਨ ਕਿ ਕੋਈ ਪਤਵੰਤਾ ਪੁਰਸ਼ ਜਾਂ ਇਸਤ੍ਰੀ ਉਹਨਾਂ ਗੁਣਾਂ ਨੂੰ ਆਪਣੇ ਨਾਲ ਸੰਬੰਧਿਤ ਨਹੀਂ ਕਰਨ ਦੇਵੇਗੀ। ਇਸ ਖਿਆਲ ਦਾ ਨਿਸਚਾ ਉਹਨਾਂ ਲੋਕਾਂ ਨੂੰ ਹੀ ਪਸੰਦ ਹੈ ਜੋ ਇਸ ਗੱਲ ਨੂੰ ਸਮਝ ਨਹੀਂ ਸਕਦੇ ਕਿ ਇਹ ਕਿਸਤਰਾਂ ਹੋ ਸਕਦਾ ਹੈ ਕਿ ਪ੍ਰਮਾਤਮਾਂ ਆਪਣੇ ਬੱਚਿਆਂ ਤੇ ਨਰਾਜ਼ ਹੋਵੇ, ਉਹਨਾਂ ਨਾਲ ਈਰਖਾ ਜਾਂ ਬਦਗੁਮਾਨੀ ਪ੍ਰਗਟ ਕਰੇ ਅਰ ਬਦਲਾ ਲੈਨ ਦੀ ਇੱਛਾ ਰੱਖੇ। ਜਿਹੜੇ ਇਸਤ੍ਰੀ ਪੁਰਸ਼ਾਂ ਵਿਖੇ ਇਹ ਸਿਫਤਾਂ ਅਰਥਾਤ ਕ੍ਰੋਧ, ਈਰਖਾ ਅਤੇ ਬਦਲਾ ਲੈਣਾ ਆਦਿਕ ਵੇਖੀਆਂ ਜਾਂਦੀਆਂ ਹੋਨ, ਓਹ ਲੋਕ ਸਦਾ ਲਈ ਸਾਡੀਆਂ ਨਜ਼ਰਾਂ ਵਿਚੋਂ ਗਿਰ

ਜਾਂਦੇ ਹਨ ਅਰ ਅਸੀ ਓਹਨਾਂ ਦਾ ਮਾਨ ਨਹੀਂ ਕਰਦੇ, ਅਚਰਜ ਹੈ ਕਿ ਅਜੇਹਾ ਹੋਣ ਤੇ ਭੀ ਅਸੀ ਫੇਰ ਏਹਨਾਂ ਗੁਣਾਂ ਨੂੰ ਈਸ਼੍ਵਰ ਪ੍ਰਮਾਤਮਾਂ ਨਾਲ ਲਗਾਂਦੇ ਹਾਂ।

ਮਜ਼ਹਬ ਵਿਚੋਂ ਨਵੀਂ ਗੱਲ ਕੱਢਨਵਾਲਾ(ਬਦਅਤੀ= ਨੁਕਤਾਚੀਨ) ਜੇ ਸ਼ੁਧ ਮਨ ਵਾਲ਼ਾ ਅਤੇ ਜੋਸ਼ ਨਾਲ ਪੁਰ ਹੈ, ਤਾਂ ਉਸਨੂੰ ਸੱਚੇ ਮਜ਼ਹਬ ਦਾ ਇਕ ਅਤੀ ਵੱਡਾ ਮਿੱਤ੍ਰ ਸਮਝਨਾ ਯੋਗ ਹੈ,ਬਦਅਤੀ (ਨੁਕਤਾਚੀਨ)ਪ੍ਰਮਾਤਮਾਂ ਦੇ ਵੱਡੇ ਸੇਵਕਾਂ ਵਿਚੋਂ ਹਨ,ਇਹ ਜੀਵ ਮਾਤ੍ਰਾਂ ਦੇ ਅਸਲੀ ਸੇਵਕਾਂ ਵਿਚੋਂ ਹਨ।

ਇਹ ਸਰਬ ਬ੍ਯਾਪੀ ਸਚਾਈ ਜਿਸਦੀ ਬਾਬਤ ਸਾਡੀ ਸਾਰਿਆਂ ਦੀ ਇਹ ਰਾਇ ਹੈ ਕਿ ਇਹ ਮਨੁਸ਼ ਦੇ ਜੀਵਨ ਦੀ ਇਕ ਬੜੀ ਪੱਕੀ ਹਕੀਕਤ (ਅਸਲੀਅਤ) ਹੈ, ਇਸਦੀ ਸੁਨੈਹਰੀ ਤਾਰ ਸਾਰੇ ਮਜ਼ਹਬਾਂ ਵਿਚ ਜਾਰੀ ਹੈ, ਜਦੋਂ ਅਸੀ ਇਸ ਮਸਲੇ ਨੂੰ ਆਪਣੇ ਜੀਵਨ ਦਾ ਪੱਕਾ ਅਸੂਲ ਬਨਾ ਲਵਾਂਗੇ,ਤਾਂ ਅਸੀ ਵੇਖਾਂਗੇ ਕਿ ਛੋਟੇ ਛੋਟੇ ਫਰਕ ਨੀਚ ਪੱਖਪਾਤ ਅਰ ਇਹ ਸਾਰੀਆਂ ਹਾਸੋ ਹੀਣੀਆਂ ਬਿਅਰਥਟਿਚਕਰਾਂਮੂਲੋਂ ਹੀਨਸ਼੍ਹੋਜਾਨਗੀਆਂ। ਅਸਲੀ ਉੱਨਤੀ ਵਾਸਤੇ ਕੇਵਲ ਪ੍ਰਮਾਤਮਾਂ ਅਤੇ ਮਨੁਖ ਆਤਮਾਂ ਦੀ ਲੋੜ ਹੁੰਦੀ ਹੈ, ਸੱਚੀ ਉੱਨਤੀ ਕੁਝ ਵੇਲੇ, ਮੌਸਮ ਜਾਂ ਖਾਸ ਅਉਸਰਾਂ ਤੇ ਨਿਰਭਰ ਨਹੀਂ ਹੈ, ਹਰ ਥਾਂ ਅਰ ਹਰ ਜ਼ਮਾਨੇ ਵਿਚ ਮਨੁਖ ਪ੍ਰਮੇਸ਼੍ਵਰ ਨੂੰ ਮਿਲ ਸਕਦਾ ਹੈ। "ਵਣ ਤ੍ਰਿਣ ਪਰਬਤ ਹੈ ਪਾਰਬ੍ਰਹਮ"।

ਆਮ ਮਜ਼ਹਬਾਂ ਦਾ ਇਹ ਵੱਡਾ ਬੁਨਿਆਦੀ ਅਸੂਲ ਹੈ, ਜਿਸਤੇ ਸਾਰੇ ਲੋਕ ਸੰਮਤੀ ਕਰ ਸਕਦੇ ਹਨ,

ਇਹੀ ਇਕ ਵੱਡੀ ਸਚਾਈ ਹੈ ਜੋ ਪੱਕੀ ਅਤੇ ਅਟੱਲ ਹੈ, ਇਸਤੋਂ ਛੁਟ ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਲੋਕਾਂ ਦੀ ਸੰਮਤੀ ਨਹੀਂ ਹੋ ਸਕਦੀ, ਇਹ ਓਹ ਚੀਜ਼ਾਂ ਹਨ ਜੋ ਜਾਤੀ ਅਤੇ ਗੈਰ ਜ਼ਰੂਰੀ ਹਨ, ਅਰ ਜਿਉਂ ਜਿਉਂ ਜ਼ਮਾਨਾ ਬੀਤਦਾ ਜਾਏਗਾ ਓਹ ਚੀਜ਼ਾਂ ਭੀ ਹੌਲੀ ਹੌਲੀ ਛਪਨ ਹੁੰਦੀਆਂ ਜਾਂਦੀਆਂ ਹਨ, ਜੋ ਪੁਰਸ਼ ਇਸ ਵੱਡੇ ਮਸਲੇ ਨੂੰ ਨਹੀਂ ਸਮਝ ਸਕਦਾ, ਓਹ ਪੁਰਸ਼ ਹੀ ਇਕ ਈਸਾਈ ਤੇ ਇਹ ਸੁਆਲ ਕਰਦਾ ਹੈ, ਕੀ ਹਜ਼ਰਤ ਈਸਾ ਨੂੰ ਰੱਬ ਵਲੋਂ ਇਲਹਾਮ ਨਹੀਂ ਹੋਇਆ ਸੀ ? ਹਾਂ ਹੋਇਆ ਸੀ, ਪਰ ਕੇਵਲ ਓਹਨਾਂ ਨੂੰ ਨਹੀਂ ਹੋਇਆ ਸੀ। ਇਕ ਹੋਰ ਪੁਰਸ਼ ਜੋ ਬੁਧ ਮਜ਼ਹਬ ਦੇ ਕਿਸੇ ਨੂੰ ਮੰਨਦਾ ਹੈ ਉਹ ਪੁਛਦਾ ਹੈ :"ਕੀ ਬੁਧ ਜੀ ਮਹਾਰਾਜ ਨੂੰ ਇਲਹਾਮ ਨਹੀਂ ਹੋਇਆ ਸੀ ? ਹਾਂ ਹੋਇਆ ਸੀ, ਕੇਵਲ ਓਹਨਾਂ ਨੂੰ ਹੀ ਨਹੀਂ ਹੋਇਆ ਸੀ। ਈਸਾਈ ਪੁਛਦਾ ਹੈ, ਕਿ ਕੀ ਸਾਡੀ ਅੰਜੀਲ ਪਵਿਤ੍ਰ ਇਲਹਾਮੀ ਪੁਸਤਕ ਨਹੀਂ ਹੈ ? ਹੈ, ਪਰ ਹੋਰ ਪੁਸਤਕਾਂ ਭੀ ਹਨ ਜੋ ਇਲਹਾਮੀ ਹਨ।" ਇਕ ਬ੍ਰਾਹਮਨ ਜਾਂ ਬੁਧ ਮਜ਼ਹਬ ਵਾਲੇ ਦਾ ਸੁਆਲ ਹੈ, ਕੀ ਵੇਦ ਇਲਹਾਮੀ ਪੁਸਤਕ ਨਹੀਂ ਹਨ? ਹਾਂ ਹਨ, ਪਰ ਹੋਰ ਭੀ ਇਲਹਾਮੀ ਪੁਸਤਕਾਂ ਹਨ। ਤੁਹਾਡੀ ਭੁਲ ਇਸ ਗੱਲ ਦੇ ਮੰਨਣ ਵਿਚ ਨਹੀਂ ਹੈ ਕਿ ਤੁਹਾਡੀਆਂ ਪਵਿਤ੍ਰ ਪੁਸਤਕਾਂ ਇਲਹਾਮੀ ਹਨ, ਪਰ ਤੁਹਾਡੀ ਭੁਲ ਇਸ ਗੱਲ ਵਿਚ ਹੈ ਕਿ ਤੁਸੀ ਇਹ ਨਹੀਂ ਮਲੂਮ ਕਰ ਸਕਦੇ ਕਿ ਹੋਰ ਪਵਿਤ੍ਰ ਪੁਸਤਕਾਂ ਭੀ ਇਲਹਾਮੀ ਹਨ ਅਰ ਤੁਸੀ

ਪੱਖਪਾਤ ਤੋਂ ਕੇਵਲ ਆਪਣੀਆਂ ਹੀ ਪਵਿਤ੍ਰ ਪੁਸਤਕ ਨੂੰ ਇਲਹਾਮੀ ਸਮਝਦੇ ਹੋ ਅਰ ਉਸਤੋਂ ਤੁਸੀ ਐਵੇਂ ਦਿਲ ਦੀ ਛੁਟਿਆਈ ਅਤੇ ਹ੍ਰਾਸੋਹੀਣੀ ਮੂਰਖਤਾ ਪ੍ਰਗਟ ਕਰਦੇ ਹੋ।

ਇਹਨਾਂ ਪਵਿਤ੍ਰ ਪੁਸਤਕਾਂ ਜਾਂ ਇਲਹਾਮੀ ਰਚਨਾਂ ਦਾ ਸੋਮਾਂ ਜਾਂ ਪ੍ਰਗਟ ਹੋਣ ਦਾ ਅਸਲ ਅਸਥਾਨ ਇਕੋ ਹੀ ਹੈ, ਅਰਥਾਤ ਕਰਤਾਰ ਜੋ ਓਹਨਾਂ ਲੋਕਾਂ ਦੀ ਆਤਮਾਂ ਦੁਆਰਾ ਬੋਲਦਾ ਹੈ,ਜਿਹੜੇ ਕਿ ਆਪਣੇ ਆਪਨੂੰ ਪ੍ਰਮਾ-ਤਮਾਂ ਦੀ ਪ੍ਰੇਰਨਾਂਲਈ ਇਸਲਈ ਵਿਕਾਸਿਤ ਕਰਦੇ ਹਨ ਕਿ ਓਹ ਉਸ ਭਾਂਤ ਅੱਗੇ ਹਦਾਇਤ ਕਰ ਸੱਕਨ। "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ" ਬਾਜੇ ਪੁਰਸ਼ ਦੂਜਿਆਂ ਨਾਲੋਂ ਜ਼ਿਆਦਾ ਇਲ-ਹਾਮੀ ਬਲ ਰੱਖਦੇ ਹਨ, ਇਹ ਗੱਲ ਪੁਰਸ਼ਾਂ ਦੇ ਇਸ ਈਸ਼੍ਵਰੀ ਬਾਣੀ ਜਾਂ ਰੌ ਨੂੰ ਆਪਣੇ ਅੰਦਰ ਦੂਜਿਆਂ ਨਾਲੋਂ ਵਧ ਜਾਂ ਘਟ ਆਉਨ ਦੇਨ ਤੇ ਹੀ ਉੱਕੀ ਨਿਰ-ਭਰ ਹੈ। ਇਕ ਮਹਾਤਮਾਂ ਦਾ ਕਥਨ ਹੈ ਕਿ ਦਨਾਈ ਈਸ਼੍ਵਰੀ ਸ਼ਕਤੀ ਦਾ ਪ੍ਰਾਣ ਹੈ ਅਰ ਹਰ ਜ਼ਮਾਨੇ ਵਿਚ ਇਹ ਪ੍ਰਾਣ ਪਵਿਤ੍ਰ ਆਤਮਾਂ ਪੁਰਖਾਂ ਦੇ ਅੰਦਰ ਦਾਖਲ ਹੋਕੇ ਓਹਨਾਂ ਨੂੰ ਈਸ਼ਵਰ ਦੇ ਪਿਆਰੇ ਅਰ ਨਬੀ ਬਨਾ ਦੇਂਦਾ ਹੈ।

ਸਾਨੂੰ ਅਜਿਹੇ ਕਮਦਿਲੇ ਤੇ ਪੱਖਪਾਤੀ ਪੁਰਸ਼ਾਂ ਦੇ ਟੋਲੇ ਵਿਚ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਦਾ ਇਹ ਖ਼ਿਆਲ ਹੈ ਕਿ ਬੇਅੰਤ ਪ੍ਰਮਾਤਮਾਂ ਨੇ ਆਪਣੇ ਆਪ ਨੂੰ ਆਪਣੇ ਕੁਝਕ ਥੋਹੜੇ ਜਿਹੇ ਬੱਚਿਆਂ ਤੇ ਇਕ ਖਾਸ

ਅਸਥਾਨ ਵਿਚ ਅਰ ਖਾਸ ਜ਼ਮਾਨੇ ਵਿਚ ਪ੍ਰਗਟ ਕੀਤਾ ਹੈ। ਈਸ਼੍ਵਰ ਪ੍ਰਮਾਤਮਾਂ ਇਸ ਤ੍ਰੀਕੇ ਨਾਲ ਕੰਮ ਨਹੀਂ ਕਰਦਾ, ਪ੍ਰਮਾਤਮਾਂ ਦੇ ਨਿਕਟ ਸਚ ਮੁਚ ਕੇਵਲ ਖਾਸ ੨ ਪੁਰਸ਼ ਮਾਨ ਦੇ ਯੋਗ ਨਹੀਂ ਹਨ, ਸਗੋਂ ਹਰ ਇਕ ਕੌਮ ਵਿਚ ਜੋ ਪੁਰਸ਼ ਉਸ ਅਕਾਲ ਦਾ ਮਾਨ ਵਡਿਆਈ ਕਰਦਾ ਹੈ ਅਰ ਸਿੱਧੇ ਰਾਹ ਤੇ ਚਲਦਾ ਹੈ, ਓਹੀ ਉਸਦਾ ਮਨਜ਼ੂਰ ਅਰ ਪਿਆਰਾ ਹੁੰਦਾ ਹੈ।

ਜਦੋਂ ਅਸੀ ਇਸ ਗੱਲ ਨੂੰ ਹੱਛੀ ਤਰਾਂ ਸਮਝ ਜਾਵਾਂਗੇ, ਉਸ ਵੇਲੇ ਸਾਨੂੰ ਮਲੂਮ ਹੋ ਜਾਏਗਾ ਕਿ ਇਸਤੋਂ ਕੁਝ ਫਰਕ ਨਹੀਂ ਪੈਂਦਾ ਕਿ ਇਕ ਪੁਰਸ਼ ਕਿਸੇ ਖਾਸ ਤਰਾਂ ਦੇ ਮਜ਼ਹਬ ਦਾ ਮੰਨਨ ਵਾਲਾ ਹੈ,ਪਰ ਇਸਤੋਂ ਬੜਾ ਭਾਰਾ ਫਰਕ ਪੈ ਜਾਂਦਾ ਹੈ ਕਿ ਓਹ ਪੁਰਸ਼ ਉਸ ਮਜ਼ਹਬ ਦੇ ਅਸਲੀ ਅਰ ਬੁਨਿਆਦੀ ਅਸੂਲਾਂ ਦਾ ਕਿੰਨਾ ਕੁ ਪਾਬੰਦ (ਅਨੁਸਾਰੀ) ਹੈ। ਜਿੰਨਾ ਅਸੀ ਖੁਦੀ ਤਿਆਗ ਕੇ ਪਿਆਰ ਕਰਾਂਗੇ ਅਰ ਸਚਾਈ ਨੂੰ ਜ਼ਿਆਦਾ ਪਸੰਦ ਕਰਾਂਗੇ, ਇਸ ਗੱਲ ਦੀ ਅਸੀ ਓਨੀਂ ਹੀ ਘਟ ਪ੍ਰਵਾਹ ਕਰਾਂਗੇ ਕਿ ਲੋਕਾਂ ਨੂੰ ਆਪਣੇ ਖਿਆਲਾਂ ਦੇ ਢੰਗ ਤੇ ਲਿਆ ਕੇ ਆਪਣਾ ਦਾਸ ਬਨਾ ਲਵੀਏ, ਸਗੋਂ ਅਸੀ ਜ਼ਿਆਦਾ ਤੋਂ ਜ਼ਿਆਦਾ ਇਸ ਗੱਲ ਦੀ ਪ੍ਰਵਾਹ ਕਰਾਂਗੇ ਕਿ ਏਹਨਾਂ ਦੇ ਹੀ ਖਿਆਲਾਂ ਦੇ ਢੰਗ ਦੇ ਅਨੁਸਾਰ ਯੋਗ ਰੀਤੀ ਨਾਲ ਸਚਾਈ ਵਾਲੇ ਪਾਸੇ ਲਿਆਵੀਏ, ਤਾਕਿ ਓਹ ਅਸਲੀ ਸਰੂਪ ਨੂੰ ਹੱਛੀ ਤਰਾਂ ਅਨਭਉ ਕਰ ਸੱਕਨ। ਚੀਨ ਨਿਵਾਸੀਆਂ ਦਾ ਕਥਨ ਹੈ ਕਿ ਸਾਡੇ ਗੁਰੂ ਦਾ ਮਸਲਾ ਕੇਵਲ ਇਹ ਸੀ ਕਿ ਬੱਸ ਚਿੱਤ ਨੂੰ ਸਾਫ

ਸ਼ੁੱਧ ਰੱਖੋ ਅਰ ਸਚਾਈ ਅਖਤਿਆਰ ਕਰੋ। ਮੱਜ਼ਹਬਾਂ ਦੀ ਪੜਚੋਲ ਤੋਂ ਮਲੂਮ ਹੋਵੇਗਾ ਕਿ ਇਹੀ ਮਸਲਾ ਹਰ ਇਕ ਪੁਰਬ ਦਾ ਹੈ, ਜਿਸਤੇ ਗੁਰੂ ਜਾਂ ਸਿੱਖਿਆ ਦਾਤਾ ਦਾ ਨਾਮ ਵਰਤਿਆ ਜਾ ਸਕਦਾ ਹੋਵੇ।

ਸਾਰੇ ਮਜ਼ਹਬਾਂ ਦੇ ਵੱਡੇ,ਵੱਡੇ ਬੁਨਿਆਦੀ ਅਸੂਲ ਇਕ ਹੀ ਹਨ; ਭਿੰਨ ਭਿੰਨ ਲੋਕਾਂ ਤੇ ਭਿੰਨ ਭਿੰਨ ਸੂਰਤਾਂ ਵਿਚ ਪ੍ਰਗਟ ਹੋਨ ਕਰਕੇ ਉਹਨਾਂ ਦੇ ਹਿੱਸਿਆਂ ਵਿਚ ਫਰਕ ਆ ਗਿਆ ਹੈ। ਮੈਨੂੰ ਬਾਜੇ ਵੇਲੇ ਲੋਕ ਇਹ ਪੁੱਛਿਆ ਕਰਦੇ ਹਨ :"ਕਿ ਤੁਹਾਡਾ ਮਜ਼ਹਬ ਕੀ ਹੈ?" "ਕੇਹੜਾਂ ਮਜ਼ਹਬ ?" ਬੜੇ ਅਸਚਰਜ ਦੀ ਗੱਲ ਹੈ, ਮਜ਼ਹਬ ਕੇਵਲ ਇਕ ਹੈ ਅਰ ਓਹ ਸਦੀਵ ਅਟੱਲ ਰਹਿਨ ਵਾਲੇ ਈਸ਼ੁਰ ਦਾ ਖ਼ਾਲਸ ਮਜ਼ਹਬ ਹੈ।ਹਾਂ ਇਕ ਹੀ ਮਜ਼ਹਬ ਦੇ ਭਿੰਨ ਭਿੰਨ ਫਿਰਕੇ ਹਨ ਜੋ ਭਿੰਨ ੨ ਲੋਕਾਂ ਦੇ ਭਿੰਨ ਭਿੰਨ ਵੇਰਵਿਆਂ ਕਰਕੇ ਪੈਦਾ ਹੋ ਗਏ ਹਨ, ਪਰ ਇਹ ਕੁਝ ਕਦਰ ਨਹੀਂ ਰੱਖਦੇ। ਜਿਨਾਂ ਆਤਮਾਂ ਨੂੰ ਵਧੇਰੇ ਪਤਾ ਲਗਦਾ ਜਾਂਦਾ ਹੈ, ਓਨਾਂ ਇਹ ਥੋੜੇ ਥੋੜੇ ਫਰਕ ਦੂਰ ਹੁੰਦੇ ਜਾਂਦੇ ਹਨ, ਬੇਸ਼ੱਕ ਏਹਨਾਂ ਥੋੜੇ ਥੋੜੇ ਫਰਕਾਂ ਦਾ ਨਾਮ ਲੋਕਾਂ ਨੇ ਭਿੰਨ ੨ ਮਜ਼ਹਬ ਰੱਖਿਆ ਹੈ, ਅਰ ਇਸਤੋਂ ਭਿੰਨ ੨ ਮਜ਼ਹਬ ਹੋ ਗਏ ਹਨ,ਪਰ ਮਜ਼ਹਬ ਅਸਲ ਵਿਚ ਇਕ ਹੀ ਹੈ।ਮਜ਼ਹਬ ਰਸਤੇ ਨੂੰ ਆਖਦੇ ਹਨ ਜੋ ਰਸਤਾ ਵਾਹਿਗੁਰੂ ਨੂੰ ਮਿਲਾ ਦੇਵੇ। ਜਿਸ ਵੇਲੇ ਅਸੀ ਇਸ ਵੱਡੀ ਹਕੀਕਤ ਨੂੰ ਅੱਖੀਂ ਉਹਲੇ ਕਰ ਦੇਂਦੇ ਹਾਂ, ਉਸੇ ਵੇਲੇ ਅਸੀ ਅਸਲੀ ਮਜ਼ਹਬ ਦੀ ਅਸਲੀਅਤ ਤੋਂ ਬੇਮੁਖ ਹੋ ਜਾਂਦੇ ਹਾਂ ਅਰ ਕੇਵਲ ਖਾਸ ਖਾਸ ਜ਼ਾਹਰੀ

ਰਸਮ ਯਾਂ ਰੀਤ ਨੂੰ ਮਜ਼ਹਬ ਮੰਨਣ ਲੱਗ ਪੈਂਦੇ ਹਾਂ। ਜਿੰਨਾ ਅਸੀ ਇਉਂ ਕਰਾਂਗੇ ਉਨਾਂ ਅਸੀ ਆਪਣੇ ਆਲੇ ਦੁਆਲੇ ਕੰਧਾਂ ਬਨਾ ਲਵਾਂਗੇ, ਜਿਨ੍ਹਾਂ ਕਰਕੇ ਹੋਰ ਲੋਕ ਸਾਥੋਂ ਦੂਰ ਰਹਨ ਅਰ ਅਸੀ ਸਰਬ ਬਜਾਪੀ ਸਚਜਾਈ ਦੇ ਅਨਭਉ ਕਰਣ ਤੋਂ ਛੂਛੇ ਰਹਿ ਜਾਈਏ, ਜੋ ਵਸਤੂ ਸਰਬ ਬਜਾਪੀ ਨਾਂ ਹੋਵੇ ਓਹ ਸਚਿਆਈ ਦਾ ਨਾਮ (ਦਰਜਾ) ਪ੍ਰਾਪਤ ਕਰਨ ਦੇ ਲਾਇਕ ਨਹੀਂ ਹੁੰਦੀ।

ਮਜ਼ਹਬ ਕੇਵਲ ਇਕ ਹੀ ਹੈ। ਮੁਸਲਮਾਨੀ ਪਵਿਤ੍ਰ ਪੁਸਤਕਾਂ ਵਿਚ ਇਕ ਵਲੀ ਦਾ ਕਥਨ ਹੈ ਕਿ "ਜਿਸ ਰਾਹ ਮੈਂ ਚਲਦਾ ਹਾਂ ਓਹ ਰਾਹ ਉਸੇ ਸ਼ਾਹੀ ਰਾਹ ਨੂੰ ਜਾ ਮਿਲਦਾ ਹੈ, ਜੋ ਕਿ ਤੇਰੇ ਵਲ ਜਾਂਦਾ ਹੈ" ਪ੍ਰਮਾਤਮਾਂ ਨੇ ਬੜਾ ਚੌੜਾ ਫਰਸ਼ ਵਿਛਾਇਆ ਹੈ ਅਰ ਉਸਨੇ ਉਸ ਵਿਚ ਭਾਂਤ ਭਾਂਤ ਦੇ ਸ਼ੋਭਨੀਕ ਰੰਗ ਪਸਾਰੇ ਹਨ। ਬੁਧ ਮਜ਼ਹਬ ਦਾ ਇਕ ਮੁਰੀਦ ਕਥਨ ਕਰਦਾ ਹੈ ਕਿ "ਪਵਿਤ੍ਰ ਪੁਰਸ਼ ਮਜ਼ਹਬ ਦੀ ਹਰ ਇਕ ਹਾਲਤ ਨੂੰ ਮਾਨ ਦੀ ਨਿਗਾਹ ਨਾਲ ਵੇਖਦਾ ਹੈ"। ਮੇਰੇ ਮਜ਼ਹਬ ਦੇ ਅਨੁਸਾਰ ਉੱਤਮ ਅਤੇ ਨੀਚ, ਅਮੀਰ ਅਤੇ ਗਰੀਬ ਵਿਚ ਕੁਝ ਫਰਕ ਨਹੀਂ ਹੈ, ਅਕਾਸ਼ ਵਾਂਗ ਇਸ ਮਜ਼ਹਬ ਵਿਚ ਸਾਰਿਆਂ ਵਾਸਤੇ ਗੁੰਜ਼ਾਇਸ਼ ਹੈ ਅਰ ਪਾਣੀ ਵਾਂਗ ਇਹ ਮਜ਼ਹਬ ਸਾਰਿਆਂ ਨੂੰ ਧੋ ਦੇਂਦਾ ਹੈ। ਚੀਨ ਵਾਲੇ ਲੋਕਾਂ ਦਾ ਕਥਨ ਹੈ :"ਖੁੱਲ੍ਹੇ ਹੌਂਸਲੇ ਵਾਲੇ ਲੋਕ ਭਿੰਨ ਭਿੰਨ ਮਜ਼ਹਬਾਂ ਵਿਚ ਸਚਾਈ ਮਲੂਮ ਕਰ ਲੈਂਦੇ ਹਨ ਅਤੇ ਕਮ ਹੌਂਸਲਾ ਪੁਰਸ਼ ਕੇਵਲ ਫਰਕਾਂ ਤੇ ਹੀ ਨਜ਼ਰ ਪਾਂਦੇ ਹਨ"। ਹਿੰਦੂਆਂ ਦੀਆਂ ਪੁਸਤਕਾਂ ਵਿਚ ਲਿਖਿਆ ਹੈ,

ਇਹ ਸੁਆਲ ਕੇਵਲ ਕਮਦਿਲੇ ਲੋਕ ਹੀ ਕੀਤਾ ਕਰਦੇ ਹਨ, ਕਿ ਇਹ ਪੁਰਸ਼ ਓਪਰਾ ਹੈ ਜਾਂ ਸਾਡੀ ਕੌਮ ਦਾ ਹੈ? ਪਰ ਜੋ ਲੋਕ ਵੱਡੇ ਹੌਂਸਲੇ ਵਾਲੇ ਹਨ ਅਰ ਜਿਨ੍ਹਾਂ ਵਿਚ ਸਭਨਾਂ ਦੀ ਮੁਹੱਬਤ ਭਰੀ ਹੋਈ ਹੈ, ਉਹਨਾਂ ਵਾਸਤੇ ਸਾਰੀ ਸ੍ਰਿਸ਼ਟੀ ਇਕ ਕਬੀਲਾ ਹੈ 'ਏਕੁ ਪਿਤਾ ਏਕਸ ਕੇ ਹਮ ਬਾਰਕ' "ਵੇਦੀ ਤੇ ਚਾਹੇ ਕਿੰਨੇ ਹੀ ਤਰਾਂ ਦੇ ਫੁਲ ਚੜ੍ਹਾ ਦਿਓ, ਅੰਤ ਨੂੰ ਪੂਜਾ ਤਾਂ ਓਹੀ ਇਕ ਹੈ"। "ਸ੍ਵਰਗ ਇਕ ਅਜੇਹਾ ਮਹੱਲ ਹੈ ਜਿਸਦੇ ਬਹੁਤ ਸਾਰੇ ਦਰਵੱਜੇ ਹਨ ਅਰ ਹਰ ਇਕ ਪੁਰਸ਼ ਆਪਣੇ ਆਪਣੇ ਰਸਤੇ ਤੋਂ ਉਸਦੇ ਅੰਦਰ ਦਾਖਲ ਹੋ ਸਕਦਾ ਹੈ"। "ਈਸਾਈ ਪੁਛਦਾ ਹੈ, ਕੀ ਅਸੀ ਸਾਰੇ ਇਕ ਹੀ, ਸੱਚੇ ਪਿਤਾ ਦੇ ਬੱਚੇ ਨਹੀਂ ਹਾਂ?" ਅਕਾਲ ਪੁਰਖ ਨੇ ਸਾਰੀਆਂ ਕੌਮਾਂ ਨੂੰ ਧਰਤੀ ਤੇ ਰਹਿਨ ਲਈ ਇਕ ਹੀ ਨਸਲ ਤੋਂ ਬਣਾਇਆ ਹੈ। ਵਰਤਮਾਨ ਕਾਲ ਦੇ ਇਕ ਮਹਾਤਮਾਂ ਦਾ ਕਥਨ ਹੈ :ਕਿ "ਜੋ ਗੱਲ ਮਨੁਸ਼ ਦੀ ਆਤਮਾਂ ਲਈ ਲਾਭਕਾਰੀ ਸੀ, ਪ੍ਰਮਾਤਮਾਂ ਨੇ ਪਿਛਲੇ ਜ਼ਮਾਨੇ ਦੇ ਲੋਕਾਂ ਤੇ ਓਹ ਪ੍ਰਗਟ ਕਰ ਦਿੱਤੀ ਸੀ ਅਰ ਜੋ ਗੱਲ ਅਜ ਕੱਲ ਮਨੁਖ ਦੀ ਆਤਮਾਂ ਵਾਸਤੇ ਲਾਭ-ਕਾਰੀ ਹੈ ਓਹ ਇਸ ਜ਼ਮਾਨੇ ਵਿਚ ਪ੍ਰਗਟ ਕਰਦਾ ਹੈ।"

ਟੈਨਸਨ ਜੋ ਅੰਗ੍ਰੇਜ਼ਾਂ ਵਿਚ ਇਕ ਪ੍ਰਸਿੱਧ ਕਵੀ ਹੋਇਆ ਹੈ, ਉਸਦਾ ਕਥਨ ਹੈ :ਕਿ "ਮੈਂ ਸੁਪਨੇ ਵਿਚ ਇਹ ਵੇਖਿਆ ਕਿ ਮੈਂ ਪੱਥਰ ਤੇ ਪੱਥਰ ਜਮਾ ਕੇ ਇਕ ਪਵਿਤ੍ਰ ਘਰ ਬਨਾਇਆ, ਇਹ ਪਵਿਤ੍ਰ ਘਰ ਨਾਂ ਬੁੱਤਾਂ ਦਾ ਅਸਥਾਨ ਸੀ, ਨਾਂ ਮਸੀਤ ਸੀ, ਨਾਂ ਗਿਰਜਾ ਸੀ, ਪਰ ਏਹਨਾਂ ਸਾਰਿਆਂ ਨਾਲੋਂ, ਉੱਚਾ, ਅਰ ਸਿੱਧਾ ਸਾਦਾ ਸੀ,

ਅਰ ਉਸਦਾ ਦਰਵੱਜਾ ਹਰ ਇਕ ਬਹਿਸ਼ਤ ਧਾਰਾ ਈਸ਼੍ਵਰੀ ਰੋ ਦੇ ਅੰਦਰ ਆਉਨ ਵਾਸਤੇ ਸਦੀਵ ਖੁੱਲ੍ਹਾ ਰਹਿੰਦਾ ਸੀ ਅਰ ਇਸ ਪਵਿਤ੍ਰ ਘਰ ਵਿਚ ਸਚਾਈ, ਅਮਨ, ਮੁਹੱਬਤ ਅੰਤੇ ਇਨਸਾਫ ਨੇ ਆ ਕੇ ਨਿਵਾਸ ਕੀਤਾ।" ਅਸਲੀ ਮਜ਼ਹਬ ਅਤੀ ਹੀ ਖੁਸ਼ੀ ਪੈਦਾ ਕਰਨ ਵਾਲੀ ਸ਼ੈ ਹੈ, ਜੋ ਮਨੁਖ ਦੀ ਆਤਮਾਂ ਨੂੰ ਪ੍ਰਾਪਤ ਹੋਸਕਦੀ ਹੈ ਅਰ ਜਦੋਂ ਅਸੀ ਅਸਲੀ ਮਜ਼ਹਬ ਨੂੰ ਪਛਾਨ ਲਵਾਂਗੇ ਅਰ ਸਮਝ ਜਾਂਵਾਂਗੇ, ਤਾਂ ਅਸੀ ਮਲੂਮ ਕਰਾਂਗੇ ਕਿ ਓਹ ਮਜ਼ਹਬ ਅਮਨ ਖੁਸ਼ੀ ਅਰ ਆਨੰਦ ਦਾ ਵਸੀਲਾ ਹੋਵੇਗਾ, ਨਾਂ ਕਿ ਰੰਜ, ਹਨੇਰਾ ਅਰ ਉਦਾਸੀ ਦਾ ਕਾਰਣ? ਇਸ ਹਾਲਤ ਵਿਚ ਓਹ ਮਜ਼ਹਬ ਸਾਰਿਆਂ ਨੂੰ ਦਿਲ ਖਿੱਚਵਾਂ ਮਲੂਮ ਹੋਵੇਗਾ ਅਰ ਕੋਈ ਉਸਨੂੰ ਬੁਰਾ ਨਾਂ ਸਮਝੇਗਾ। ਸਾਡੇ ਮੰਦਰਾਂ ਗਿਰਜਿਆਂ ਆਦਿਕ ਵਿਚ ਉਪ-ਦੇਸ਼ਕ ਲੋਕਾਂ ਨੂੰ ਉਚਿੱਤ ਹੈ ਕਿ ਏਹਨਾਂ ਵੱਡੇ ਵੱਡੇ ਮਸ-ਲਿਆਂ ਨੂੰ ਹੱਛੀ ਤਰਾਂ ਸਮਝਨ ਅਰ ਆਪਣਾ ਸਮਾਂ ਅਤੇ ਧਿਆਨ ਇਸ ਗੱਲ ਉੱਤੇ ਦੇਨ ਕਿ ਆਮ ਲੋਕ ਆਪਣੇ ਅਸਲੀ ਸਰੂਪ ਨੂੰ ਅਰ ਬੇਅੰਤ ਅਕਾਲ ਪੁਰਖ ਨਾਲ ਆਪਣੇ ਸੰਬੰਧ ਅਰ ਏਕਤਾ ਨੂੰ ਅਨਭਉ ਕਰਨ, ਇਸਤੋਂ ਬੜਾ ਅਨੰਦ ਪ੍ਰਾਪਤ ਹੋਵੇਗਾ, ਅਰ ਏਹਨਾਂ ਲੋਕਾਂਦੇ ਇੰਨੇ ਢੋਲਿਆਂਦੇ ਢੋਲੇ ਮੰਦ੍ਰਾਂ ਵਿਚ ਆਯਾ ਕਰਨਗੇ ਕਿ ਉਨ੍ਹਾਂ ਦੀਆਂ ਕੰਧਾਂ ਪਾਟਨ ਲਗਨਗੀਆਂ ਅਰ ਉੱਤੋੜੁੱਤੀ ਅਜੇਹੇ ਭਜਨ ਆਨੰਦ ਉਤਪਾਦਕ ਗਾਇਨ ਕੀਤੇ ਜਾਨਗੇ, ਜਿਨ੍ਹਾਂ ਨਾਲ ਕਿ ਸਾਰੇ ਲੋਕ ਮਜ਼ਹਬ ਨੂੰ ਪਸੰਦ ਕਰਨਗੇ, ਜੋ ਕਿ ਹਰ ਰੋਜ਼ ਦੇ ਜੀਵਨ ਵਿਚ

ਕੰਮ ਆਉਨ ਵਾਲਾ ਹੈ ਅਰ ਏਸ ਕਰਕੇ ਨੇਚਾ ਅਤੇ ਅਸਲੀ ਹੈ। ਸਾਰੇ ਅਸਲੀ ਮਜ਼ਹਬਾਂ ਦੀ ਕਸਵੱਟੀ ਇਹ ਹੋਣੀ ਲੋੜੀਦੀ ਹੈ ਕਿ ਓਹ ਇਸ ਸੰਸਾਰ ਵਿਚ ਅਰ ਅਜ ਕੱਲ ਦੇ ਸਮੇਂ ਵਿੱਚ ਰੋਜ਼ ਦੇ ਜੀਵਨ ਲਈ ਕਿੰਨੇ ਕੁ ਲਾਭਕਾਰੀ ਅਤੇ ਅਨਕੂਲ ਵਰਤੀ ਹਨ? "ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਜੇ ਓਹ ਮਜ਼ਹਬ ਇਸ ਕਸੌਟੀ ਤੇ ਪੂਰਾ ਨਹੀਂ ਉਤਰਦਾ, ਤਾਂ ਇਹ ਜਾਣ ਲਓ ਕਿ ਓਹ ਮਜ਼ਹਬ 'ਮਜ਼ਹਬ' ਨਹੀਂ ਹੈ।ਸਾਨੂੰ ਇਕ ਅਜਿਹੇ ਮਜ਼ਹਬ ਦੀ ਲੋੜ ਹੈ ਜੋ ਹਰ ਰੋਜ਼ ਇਸ ਸੰਸਾਰ ਵਿਚ ਸਾਡੇ ਵਾਸਤੇ ਲਾਭਕਾਰੀ ਹੋਵੇ,(ਨਾਂਕਿ ਨਿੰਦਕਾਂ ਦਾ ਵੋਲਾ?)ਜੋ ਖਾਲਸ ਅਟੱਲ ਜੀਵਨ ਬਤੀਤ ਕਰ ਰਹੇਹਨ ਓਨਾਂ ਦਾ ਜੀਵਨ ਹੱਛੀ ਤਰਾਂ ਬੀਤੇਗਾ।ਸਾਨੂੰ ਹਰਰੋਜ਼ ਹਰਇਕ ਪਲਨੂੰ ਬੜੇ ਧਿਆਨਨਾਲ ਅਰ ਹੁਸ਼ਿਆਰੀ ਨਾਲ ਨੇਕ ਕੰਮਾਂਵਿਚ ਖਰਚ ਕਰਨਾ ਚਾਹੀਦਾਹੈ, ਜੇ ਅਸੀ ਇਸੰਤਰਾਂ ਕਰਨ ਤੋਂ ਅਸਮੱਥ ਹਾਂ,ਜਾਂ ਇਉਂ ਹੀ ਅਸਮੱਥ ਰਹਾਂਗੇ,ਤਾਂ ਅਸੀ ਕੁਝ ਭੀ ਨਹੀਂ ਕਰ ਸੱਕਾਂਗੇ।

ਸਮਾਂ ਸੰਭਾਲੀਂ ਪਿਆਰਿਆ ਸਮਾਂ ਨ ਮੂਲ ਗੁਆ।
ਛਡ ਬਨੌਤਾਂ ਸਾਰੀਆਂ ਇਕੋ ਰੱਬ ਧਿਆ॥

੧੨. ਪਰਮਾਰਥੀ ਅਨਭਉ ਵਿਖੇ ਤਤਕਾਲੀ ਪ੍ਰਵੇਸ਼।

[ਅਤੀ ਉੱਚ ਦਰਜੇ ਦੀ ਦੌਲਤ ਪ੍ਰਾਪਤ ਕਰਨ ਦੇ ਢੰਗ]

ਮੇਰੇ ਪਾਸ ਇਹ ਸੁਆਲ ਹੁੰਦਾ ਹੈ ਕਿ ਇਸ ਉੱਚ ਪਦਾਰਥ ਦੇ ਪ੍ਰਾਪਤ ਕਰਨ ਦਾ ਅਸਲੀ ਢੰਗ ਕੀ ਹੋ ਸਕਦਾ ਹੈ ? ਜਿਨ੍ਹਾਂ ਗੱਲਾਂ ਤੇ ਇਸ ਕਰਤੱਵ ਦਾ ਨਿਰਭਰ ਹੈ, ਵਾਸਤਵ ਵਿਚ ਹੀ ਓਹ ਅਤਯੰਤ ਹੱਛੀਆਂ ਅਤੇ ਠੀਕ ਹਨ, ਪਰ ਜਿਸ ਗੱਲ ਦੇ ਪ੍ਰਾਪਤ ਕਰਨ ਤੋਂ ਇਹ ਅਸਚਰਜ ਨਤੀਜੇ ਪੈਦਾ ਹੁੰਦੇ ਹਨ, ਉਸਨੂੰ ਅਸੀ ਕਿਸਤਰਾਂ ਵਰਤੋਂ ਵਿਚ ਲਿਆ ਸਕਦੇ ਹਾਂ ?

ਇਹ ਢੰਗ ਕੁਝ ਔਖਾ ਨਹੀਂ ਹੈ, ਜੇਕਰ ਅਸੀ ਆਪ ਉਸਨੂੰ ਕਠਨ ਨਾਂ ਬਨਾ ਲਵੀਏ। ਵੱਡਾ ਸ਼ਬਦ ਜੋ ਕੰਮ ਵਿਚ ਲਿਆਉਣਾ ਚਾਹੀਦਾ ਹੈ ਇਹ ਹੈ : "ਖੋਲ੍ਹ ਦਿਓ"।

ਅੰਤਸ਼ਕਰਨ ਦੇ ਅੰਦਰ ਆਉਨ ਲਈ ਖੋਲ੍ਹ ਦਿਓ, ਜਿਹੜੀ ਕਿ ਕੇਵਲ ਦਰਵੱਜਾ ਖੁੱਲ੍ਹਨ ਦੀ ਉਡੀਕ ਵਿਚ ਹੈ, ਤਾਂ ਜੋ ਓਹ ਅੰਦਰ ਪ੍ਰਵੇਸ਼ ਪਾ ਸਕੇ। ਜਿਸਤਰਾਂ ਨਾਲੀ ਦਾ ਮੂੰਹ ਖੋਲ੍ਹਨ ਤੋਂ ਉੱਪਰਲੇ ਹੌਜ਼ ਦਾ ਪਾਣੀ ਹੇਠਲੇ ਖੇਤ ਵਿਚ ਆਪਣੇ ਆਪ ਚਲਾ ਜਾਂਦਾ ਹੈ ਅਰ ਖੇਤ ਨੂੰ ਹਰਿਆ ਭਰਿਆ ਕਰ ਦੇਂਦਾ ਹੈ, ਪਾਣੀ ਸੁਭਾਵ ਮਾਤ੍ਰ ਤੇ ਹੀ ਵਗ ਤੁਰਦਾ ਤੇ ਖੇਤ ਨੂੰ ਸਿੰਜ ਦਿੰਦਾ ਹੈ, ਜੇਕਰ ਕੇਵਲ ਇਸਦਾ ਰਸਤਾ (ਮੂਹਾਂ) ਖੋਲ੍ਹ ਦਿਤ

ਜਾਵੇ। ਇਸੇ ਤਰਾਂ ਨਾਲ ਇਸ ਅਪਾਰ ਜੀਵਨ ਸੱਤਾ ਨਾਲ ਆਪਣੀ ਏਕਤਾ ਦੇ ਅਨਭਉ ਨਮਿੱਤ ਘਟ ਦਾ ਪਟ ਖੋਲ੍ਹਨ ਤੋਂ ਅਰ ਅਕਾਲ ਪੁਰਖ ਵਲ ਚਿੱਤ ਨੂੰ ਪ੍ਰੇਰਨ ਤੋਂ ਇਹ ਈਸ਼੍ਵਰੀ ਰੌ ਤੁਹਾਡੇ ਅੰਦਰ ਦਾਖਲ ਹੋ ਸਕਦੀ ਹੈ। ਅਸੀ ਵੇਖ ਚੁਕੇ ਹਾਂ ਕਿ ਉਸ ਬੇਅੰਤ ਜੀਵਨ ਅਤੇ ਤਾਕਤ ਦਾ ਸਾਡੇ ਨਾਲ ਕੀ ਸੰਬੰਧ ਹੈ? ਏਥੇ ਕੇਵਲ ਏਹ ਕਹਿ ਦੇਣਾ ਹੀ ਕਾਫੀ ਹੈ ਕਿ ਤੁਸੀ ਉਸ ਬੇਅੰਤ ਜੀਵਨ ਸੱਤਾ ਦੇ ਨਾਲ ਆਪਣੀ ਅਨਭਉ ਏਕਤਾ ਕਰੋ, ਸਭ ਤੋਂ ਪੈਹਲਾਂ ਜ਼ਰੂਰੀ ਚੀਜ਼ ਇਹੋ ਹੀ ਹੈ ਕਿ ਅੰਤਸ਼ਕਰਨ ਅਤੇ ਦਿਲ ਦਾ ਦਰਵੱਜਾ ਖੁੱਲ੍ਹਾ ਰੱਖੋ ਅਰ ਇਸਤਰਾਂ ਇਸ ਈਸ਼੍ਵਰੀ ਰੌ ਨੂੰ ਅੰਦਰ ਆਉਨ ਦੇਨ ਲਈ ਹਰ ਵੇਲੇ ਤਿਆਰ ਰਹੋ, "ਸੋਤ ਉਹੋ ਨਿਰਮਲ, ਸੱਜਰੀ ਤੇ ਮਿੱਠੀ ਰਹ ਸਕਦੀ ਹੈ ਜੋ ਆਪਣੇ ਸੋਮੇਂ ਤੋਂ ਹਰ ਦਮ ਤਾਜ਼ਾ ਜਲ ਪ੍ਰਾਪਤਿ ਕਰਦੀ ਹੈ।" ਇਹ ਹੱਛਾ ਹੋਵੇਗਾ ਕਿ ਪੈਹਲੋਂ ਪੈਹਲ ਤੁਸੀ ਕੁਝ ਚਿਰ ਵਾਸਤੇ ਹਰ ਰੋਜ਼ ਏਕਾਂਤ ਅਤੇ ਚੁੱਪ ਚਾਪ-ਅਸਥਾਨ ਵਿਖੇ ਚਲੇ ਜਾਇਆ ਕਰੋ, ਏਥੇ ਕੋਈ ਬਾਹਰਲੀ ਚੀਜ਼ ਤੁਹਾਡਿਆਂ ਸ੍ਰੀਰਕ ਇੰਦ੍ਰਿਆਂ ਦੁਆਰਾ ਵਿਘਨੀ ਨਾਂ ਹੋਵੇਗੀ, ਏਥੇ ਏਕਾਂਤ ਬੈਠਕੇ ਈਸ਼੍ਵਰ ਦਾ ਧਿਆਨ ਲਾਓ ਤੇ ਆਪਣੇ ਆਪ ਨੂੰ ਉਸ ਰੱਬੀ ਧਾਰਾ ਦੇ ਸ੍ਵਾਗਤ ਕਾਰੀ ਸੁਭਾਉ ਵਿਚ ਇਸਥਿਤ ਕਰੋ, ਸ਼ਾਂਤ ਭਰੀ, ਚੁਪ ਚਾਪ ਅਰ ਆਸ ਵੰਦ ਲਾਲਸਾ ਨਾਲ, ਇਉਂ ਕਰਕੇ, ਇਹ ਅਨ-ਭਉ ਇਹ ਈਸ਼੍ਵਰੀ ਰੌ ਤੁਹਾਡੇ ਅੰਦਰ ਫੁਟ ਆਊ ਤੇ ਤੁਹਾਡੇ ਆਤਮਾਂ ਤੇ ਪ੍ਰਬਲ ਹੋ ਜਾਏਗੀ। ਜਦੋਂ ਇਹ

ਈਸ਼੍ਵਰੀ ਰੌ ਤੁਹਾਡੇ ਅੰਦਰ ਫੁੱਟ ਆਵੇਗੀ ਤੇ ਤੁਹਾਡੀ ਆਤਮਾਂ ਤੇ ਕਾਬੂ ਪਾ ਲਵੇਗੀ, ਤਾਂ ਫੇਰ ਇਹ ਆਪਣੇ ਆਪ ਹੀ ਤੁਹਾਡੇ ਆਪਣੇ ਆਪ ਵਿਖੇ ਪ੍ਰਤੱਖ ਹੋਵੇਗੀ ਅਰ ਏਥੋਂ ਤੁਹਾਡੇ ਸਰੀਰ ਦੇ ਹਰ ਇਕ ਹਿੱਸੇ ਵਿਚ ਫੈਲ ਜਾਏਗੀ। ਫੇਰ ਜਿੰਨ੍ਹਾ ਤੁਸੀ ਇਸ ਈਸ਼੍ਵਰੀ ਰੌ ਨੂੰ ਸੁਤੰਤ੍ਰਤਾ ਨਾਲ ਆਪਣੇ ਅੰਦਰ ਆਉਣ ਦਿਉਗੇ, ਉਨਾਂ ਤੁਹਾਡੇ ਵਿਚ ਇਕ ਅਜਿਹੀ ਚੁੱਪ ਚਾਪ ਅਮਨ ਪਸੰਦ ਅਰ ਜਗ ਮਗ ਕਾਰੀ ਤਾਕਤ ਪੈਦਾਂ ਹੋਜਾਏਗੀ ਅਰਥਾਤ ਆਪਣੇ ਸੋਮੇਂ ਵਾਹਿਗੁਰੂ ਤੋਂ ਜ਼ਿੰਦਗੀ ਦੇ ਪ੍ਰੇਮ ਤੇ ਸੁਖ ਭਰੇ ਤਾਜ਼ੇ ਲਹਰੇ ਪ੍ਰਾਪਤਿ ਹੋਵਨਗੇ, ਤੇ ਇਸਤੋਂ ਤੁਹਾਡੇ ਸਰੀਰ ਆਤਮਾਂ ਅਤੇ ਅੰਤਸ਼ਕਰਨ ਵਿਖੇ ਆਪੋ ਵਿਚ ਪਿਆਰ ਪੈਦਾ ਹੋ ਜਾਏਗਾ ਅਰ ਫੇਰ ਏਹਨਾਂ ਵਿਚਦੀ ਸਾਰੀ ਸ੍ਰਿਸ਼ਟੀ ਦੇ ਲੋਕਾਂ ਵਿਚ ਮੇਲ ਜੋਲ ਪੈਦਾ ਹੋ ਜਾਏਗਾ। ਹੁਣ ਤੁਸੀ ਮਾਨੋਂ ਪਹਾੜ ਦੀ ਚੋਟੀ ਤੇ ਖਲੇ ਹੋ ਅਰ ਰੱਬੀ ਕਲਾਮ ਤੁਹਾਨੂੰ ਹਦਾਇਤ ਕਰ ਰਹੀ ਹੈ, ਫੇਰ ਜਦੋਂ ਤੁਸੀ ਹੇਠ ਉਤਰੋ ਤਾਂ ਉਸ ਹਦਾਇਤ ਤੇ ਉਸ ਅਨਭਉ ਨੂੰ ਸਾਥੀ ਬਨਾਈ ਲਿਆਵੋ ਅਰ ਹਰ ਹਾਲਤ ਵਿਚ ਅਰਥਾਤ ਜਾਗਨੇ, ਕੰਮ ਕਰਨੇ, ਸੋਚਨੇ, ਚਲਨੇ, ਫਿਰਨੇ ਅਰ ਸੌਨ ਦੀ ਹਾਲਤ ਵਿਚ ਉਸ ਉੱਤੇ ਅਮਲ ਕਰੋ। "ਊਠਤ ਬੈਠਤ ਸੋਵਤ ਧਿਆਈਐ। ਮਾਰਗ ਚਲਤ ਹਰੇ ਹਰ ਗਾਈਐ।" ਇਸਤਰਾਂ ਨਾਲ ਤੁਸੀ ਲਗਾਤਾਰ ਪਰਮ ਸੁਹਾਉ, ਇਲ-ਹਾਮ ਅਤੇ ਆਤਮਕ ਬਲ ਨੂੰ ਜਿਸਦਾ ਭੇਦ ਤੁਸਾਡੇ ਪਰ ਖੁੱਲ੍ਹਚੁਕਾਹੈ ਆਪਣੇ ਅੰਦਰ ਅਨਭਵ ਕਰਦੇ ਹੀ ਰਹੋਗੇ।

ਇਸਤੋਂ ਛੁਟ ਇਕ ਸਮਾਂ ਅਜਿਹਾ ਆਵੇਗਾ ਕਿ ਜਦੋਂ ਤੁਸੀ ਚਾਹੇ ਦਫਤ੍ਰ ਵਿਚ ਹੋ, ,ਜਿੱਥੇ ਕਿ ਸਾਰੇ ਲੋਕ ਆਪਣੇ ੨ ਕੰਮ ਵਿਚ ਰੁੱਝੇ ਹੋਏ ਹਨ, ਚਾਹੇ ਸੜਕ ਤੇ ਹੋ ਜਿੱਥੇ ਰੌਲਾ ਗੌਲਾ ਹੋ ਰਿਹਾ ਹੋਵੇ, ਝਟ ਇਕਾਂਤ ਹਾਲਤ ਵਿਚ ਦਾਖਲ ਹੋ ਸਕੋਗੇ। ਤੁਹਾਨੂੰ ਕੇਵੱਲ ਇਹ ਕਰਨਾ ਹੋਵੇਗਾ ਕਿ ਆਪਣੇ ਖਿਆਲਾਂ ਦਾ ਚੋਲਾ ਆਪਣੇ ਸਰੀਰ ਤੇ ਪੈਹਨ ਲਵੋ, ਅਰਥਾਤ ਆਪਣੇ ਖਿਆਲਾਂ ਵਿਚ ਮਗਨ ਹੋ ਜਾਓ ਅਰ ਇਹ ਸਮਝ ਲਵੋ ਕਿ ਏਥੇ ਅਰ ਹਰ ਥਾਂ ਬਯਾਪਕ ਸੱਤਾ ਅਰਥਾਤ ਅਟੱਲ ਜੀਵਨ ਸੱਤਾ, ਅੰਨੁਰਾਗਤਾ, ਚਿਤੰਨਤਾ, ਸ਼ਾਂਤੀ ਅਤੇ ਬਜੰਤਤਾ ਦੀ ਆਤਮਾਂ ਤੁਹਾਨੂੰ ਹਦਾਇਤ ਕਰ ਰਹੀ ਹੈ ਅਰ ਤੁਹਾਡੀ ਰਾਖੀ ਅਤੇ ਆਗੂ ਪੁਣਾਂ ਆਦਿ ਕਰ ਰਹੀ ਹੈ। ਇਹੋ ਹਾਲਤ ਹੀ ਲਗਾਤਾਰ ਪਾਰਥਨਾਂ ਕਰਦੇ ਰਹਿਨ ਦੀ ਜਾਨ ਹੈ ਅਰ ਏਹੋ ਹੀ ਨਿਰੰਤ੍ਰ ਪ੍ਰਾਰਥਨਾਂ ਕਰਦੇ ਰਹਿਨਾ ਹੈ, ਇਸੇ ਦੇ ਅਰਥ ਕਰਤਾਰ ਨੂੰ ਪਛਾਨਨਾ ਅਰ ਉਸਦੀ ਆਗਜਾ ਦਾ ਪਾਲਨ- ਕਰਨਾ ਹੈ, ਇਸੇ ਨੂੰ ਈਸ਼੍ਵਰ ਦਾ ਅੰਦਰ ਪੈਣਾ ਕਹਿੰਦੇ ਹਨ, ਏਸੇ ਨੂੰ ਨਵਾਂ ਜਨਮ ਲੈਣਾ-ਦੂਜਾ ਜਨਮ-"ਸਤਿਗੁਰ ਕੈ ਗਵਨੈ ਜਨਮ ਮਿਟਾਇਆ" ਆਖਦੇ ਹਨ, ਕਿਉਂਕਿ ਪੈਹਲਾ ਜਨਮ ਕੁਦਰਤੀਹੈ ਅਰ ਦੂਜਾ ਜਨਮ ਆਤਮਕਹੈ,ਏਹੋਹੀ ਇਸਤਰਾਂ ਨਾਲ ਆਦਮ ਪੁਣੇ ਨੂੰ ਜਗਾਕੇ ਦੈਵੀ ਭਾਵ (ਗੁਰਮੁਖਤਾ)ਧਾਰਣ ਕਰਨਾਹੈ ਤੇ ਏਸੇਦੇ ਅਰਥ ਅਟੱਲ ਜੀਵਨ ਅਰ ਮੁਕਤੀ ਪ੍ਰਾਪਤ ਕਰਨਾ ਹੈ, ਚਾਹੇ ਹਰ ਇਕ ਪੁਰਸ਼ ਦਾ ਵਿਸਵਾਸ ਅੱਡ ਅੱਡ (ਕੁਝ ਭੀ) ਹੋਵੇ,

ਕਿਉਂਕਿ ਪ੍ਰਮਾਤਮਾਂ ਦਾ ਗਜ਼ਾਨ ਹੀ ਅਬਿਨਾਸੀ ਜੀਵਨ ਹੈ। ਇਸ ਹਾਲਤ ਵਿਚ ਅਸੀ ਪਿਛਲੇ ਜ਼ਮਾਨੇ ਦੀਆਂ ਰਾਗਨੀਆਂ ਛਡਕੇ ਨਵੀਂ ਤਰਾਂ ਦੇ ਰਾਗ ਗਾਵਾਂਗੇ, ਜਿਨ੍ਹਾਂ ਵਿਚ ਵਰਤਮਾਨ ਕਾਲ਼ ਦੀ ਸੁੰਦਰ ਅਤੇ ਅਟੱਲ ਹਾਲਤ ਪ੍ਰਗਟ ਹੋਵੇਗੀ।

ਜੇ ਤੁਸੀ ਅਤੇ ਮੈਂ ਚਾਹੀਏ ਅਰ ਪੱਕਾ ਇਰਾਦਾ ਕਰ ਲਵੀਏ, ਤਾਂ ਅੱਜੋ ਹੀ ਏਸੇ ਘੰਟੇ ਭਰ ਵਿਚ, ਐਨ ਏਸੇ ਮਿੰਟ ਵਿਚ ਸਾਨੂੰ ਇਹ ਹਾਲਤ ਪ੍ਰਾਪਤ ਹੋ ਸਕਦੀ ਹੈ ਅਰ ਜੇਕਰ ਅਸੀ ਆਪਣਾ ਰੁਖ਼ ਠੀਕ ਪਾਸੇ ਕਰ ਲਵੀਏ, ਤਾਂ ਫੇਰ ਅਸੀ ਹੌਲੀ ਹੌਲੀ ਏਸ ਪੂਰਨ ਅਨ-ਭਉ ਦੇ ਪੂਰਨ ਪ੍ਰਕਾਸ਼ ਨੂੰ ਪ੍ਰਾਪਤ ਹੋ ਸਕਦੇ ਹਾਂ, ਜੇ ਕੋਈ ਪੁਰਸ਼ ਆਪਣਾ ਰੁਖ਼ ਠੀਕਠੀਕ ਪਹਾੜ ਦੇ ਪਾਸੇ ਨੂੰ ਕਰ ਲਵੇ ਅਰ ਫੇਰ ਕੇਵਲ ਸਿੱਧਾ ਟੁਰਿਆ ਜਾਏ, ਤਾਂ ਚਾਹੇ ਓਹ ਛੇਤੀ ਛੇਤੀ ਟੁਰੇ ਭਾਹਿ ਹੌਲੀ ਹੌਲੀ ਟੁਰੇ ਪਹਾੜ ਤੇ ਜ਼ਰੂਰ ਪਹੁੰਚ ਜਾਏਗਾ, ਪਰ ਜਦੋਂ ਤਾਈਂ ਕਿ ਕੋਈ ਪੁਰਖ ਆਪਣਾ ਰੁਖ਼ ਠੀਕ ਪਾਸੇ ਨੂੰ ਨਾਂ ਕਰੇ ਅਰ ਟੁਰਨਾ ਸ਼ੁਰੂ ਕਰ ਦੇਵੇ, ਤਦੋਂ ਤਾਈਂ ਓਹ ਉਥੇ ਪਹੁੰਚ ਨਹੀਂ ਸਕਦਾ। ਇਕ ਪ੍ਰਸਿੱਧ ਵਿਦਵਾਨ ਦਾ ਕਥਨ ਹੈ, ਕਿ:-

ਜੇਕਰ ਅਨਜ ਪ੍ਰਾਕਰਮ ਕੇਰੀ, ਤੋ ਮੇਂ ਦੇਰ ਨ ਲਾਵੋ।
ਇਸੇ ਘੜੀ ਉਹ ਕਾਜ ਸੰਭਾਲੋ, ਜੋ ਤੁਮ ਸਕੋ ਬਨਾਵੋ।
ਜਿਸਨੂੰ ਮਨ ਵਿਚ ਸੋਚ ਸਕੋ ਕੈ ਬਨੋ ਬਹਾਦਰ ਬੀਰਾ।
ਜਾਦੂ ਭੀ ਇਸੇ ਹੀ ਦੇ ਵਿਚ, ਸ਼ਕਤੀ ਸਜਾਣਪ ਧੀਰਾ।
ਬਸ ਤੁਮ ਲਗ ਜਾਓ ਇਕ ਕੇਵਲ, ਮਨ ਉਭਰਾਊ ਆਪੇ

ਕਰੋ ਅਰੰਭ ਨਾਂ ਸੋਚਾਂ ਸੋਚੋ, ਪੂਰਨ ਕਾਮ ਕਲਆਪ।

ਅਰਥਾਤ ਜੇ ਤੁਸੀ ਦਿਲ ਨਾਲ ਕਿਸੇ ਕੰਮ ਨੂੰ ਕਰਨਾ ਚਾਹੁੰਦੇ ਹੋ, ਤਾਂ ਏਸੇ ਸਮੇਂ ਤੋਂ ਲਾਭ ਉਠਾਓ ਅਰ ਜੋ ਕੁਝ ਤੁਸੀ ਕਰ ਸਕਦੇ ਹੋ; ਜਾਂ ਜੋ ਕੁਝ ਤੁਹਾਡੇ ਖਿਆਲ ਵਿਚ ਆ ਸਕਦਾ ਹੈ ਉਸਨੂੰ ਝਟ ਸ਼ੁਰੂ ਕਰ ਦਿਓ, ਦਲੇਰੀ ਜਾਂ ਹੌਂਸਲਾ ਜਾਦੂ ਦਾ ਅਸਰ ਰੱਖਦਾ ਹੈ ਅਰ ਉਸਦੇ ਨਾਲ ਸਮਝ ਅਤੇ ਬਲ ਸਭ ਕੁਝ ਆ ਜਾਂਦਾ ਹੈ; ਕੇਵਲ ਕੰਮ ਕਰਨ ਲੱਗ ਪਵੋ, ਫੇਰ ਚਿੱਤ ਵਿਖੇ ਜੋਸ਼ ਪੈਦਾ ਹੋ ਜਾਇਗਾ, ਸ਼ੁਰੂ ਕਰਨ ਦੀ ਡੇਰ ਹੈ, ਫੇਰ ਕੰਮ ਆਪਣੇ ਆਪ ਹੁੰਦਾ ਚਲਾ ਜਾਇਗਾ ਅਰ ਸਮਾਪਤੀ ਤਕ ਪੁਜ ਜਾਇਗਾ।

ਨੌਜੁਆਨ ਗੌਤਮ ਸਿਧਾਰਥ ਨੇ ਇਹ ਕਿਹਾ ਸੀ ਕਿ :"ਮੈਨੂੰ ਆਤਮ ਗਿਆਨ ਦਾ ਰਸਤਾ ਸੁੱਝ ਗਿਆ ਹੈ ਅਰ ਮੈਂ ਆਪਣਾ ਇਰਾਦਾ ਪੂਰਾ ਕਰਨ ਵਿਖੇ ਪੱਕਾ ਹਾਂ, ਮੈਂ ਜ਼ਰੂਰ ਇਕ ਬੁਧ ਅਰਥਾਤ ਗਜਾਨੀ ਬਨ ਜਾਵਾਂਗਾ" ਏਸੇ ਕਰਕੇ ਓਹ ਤੱਤ ਵੇਤਾ ਹੋ ਗਏ ਅਰ ਏਸੇ ਜੀਵਨ ਵਿਚ ਹੀ ਓਹਨਾਂ ਨੇ ਨਿਰਬਾਨ ਪ੍ਰਦਵੀ ਪ੍ਰਾਪਤ ਕੀਤੀ। ਬੁਧ ਦੀ ਤਾਲੀਮ ਇਹ ਸੀ ਕਿ ਇਸ ਥਾਂ ਅਰ ਇਸੇ ਵੇਲੇ ਹਰ ਇਕ ਪੁਰਸ਼ ਇਸ ਹਾਲਤ ਅਤੇ ਜੀਵਨ ਨੂੰ ਪ੍ਰਾਪਤ ਕਰ ਸਕਦਾ ਹੈ,ਏਸੇ ਕਰਕੇ ਓਹ ਹਜ਼ਾਰਾਂ ਲੱਖਾਂ ਲੋਕਾਂ ਦੇ ਆਗੂ ਬਨੇ ਅਰ ਓਹਨਾਂ ਨੇ ਓਹਨਾਂ ਨੂੰ ਮੁਕਤੀ ਦਾ ਰਸਤਾ ਵਿਖਾਇਆ।

ਨੌ ਜੁਆਨ ਹਜ਼ਰਤ ਈਸਾ ਨੇ ਇਹ ਆਖਿਆ ਸੀ :"ਕੀ ਤੁਹਾਨੂੰ ਪਤਾ ਨਹੀਂ ਕਿ ਹੁਣ ਮੈਨੂੰ ਆਪਣੇ

ਸੱਚੇ ਪਿਤਾ ਦਾ ਕੰਮ ਕਰਨਾ ਜ਼ਰੂਰੀ ਹੈ ? ਇਸ ਕੰਮ ਨੂੰ ਆਪਣੇ ਜੀਵਨ ਦਾ ਮੁਖ੍ਯ ਪ੍ਰਯੋਜਨ ਬਨਾਕੇ ਓਹਨਾਂ ਨੇ ਇਸ ਪੂਰਣ ਅਨਭਉ ਨੂੰ ਪੂਰੀ ਤਰਾਂ ਪ੍ਰਾਪਤ ਕਰ ਲੀਤਾ ਹੈ, ਕਿ "ਮੈਂ ਅਰ ਮੇਰਾ ਸੱਚਾ ਪਿਤਾ ਇਕ ਹੀ ਹਾਂ" ਇਸਤਰਾਂ ਨਾਲ ਓਹਨਾਂ ਨੇ ਏਸੇ ਸੰਸਾਰ ਵਿਚ ਰਹਿਕੇ ਸੁਰਗ ਦੀ ਪਾਤਸ਼ਾਹੀ ਤੇ ਪੂਰਾ ੨ ਕਬਜ਼ਾ ਕਰ ਲੀਤਾ ਹੈ। ਓਹਨਾਂ ਦੀ ਇਹ ਤਾਲੀਮ ਸੀ ਕਿ ਸਾਰੇ ਲੋਕ ਏਸੇ ਸੰਸਾਰ ਵਿਚ ਅਰ ਏਸੇ ਵੇਲੇ ਇਸ ਗੱਲ ਨੂੰ ਹੱਛੀ ਤਰਾਂ ਅਨਭਉ ਕਰ ਸਕਦੇ ਹਨ, ਏਸੇ ਕਰਕੇ ਓਹ ਭੀ ਹਜ਼ਾਰਾਂ ਲੱਖਾਂ ਜੀਵਾਂ ਦੇ ਮੁਕਤੀ ਦਾਤਾ ਆਗੂ ਅਤੇ ਰਾਹ ਵਖਾਨ ਵਾਲੇ ਬਨੇ।

ਜਿੱਥੋਂ ਤਾਈਂ ਅਮਲੀ ਗੱਲਾਂ ਦਾ ਸੰਬੰਧ ਹੈ ਅਸੀ ਸਾਰੇ ਸੰਸਾਰ ਵਿਚ ਫਿਰਕੇ ਇਹੀ ਮਲੂਮ ਕਰਾਂਗੇ ਕਿ ਇਸਤੋਂ ਵਧੀਕ ਅਮਲੀ ਅਤੇ ਲਾਭਕਾਰੀ ਸਿਖ੍ਯਾ ਹੋਰ ਕੁਝ ਨਹੀਂ ਹੋ ਸਕਦੀ ਕਿ ਪੈਹਲਾਂ ਅਕਾਲੀ ਪਾਤਸ਼ਾਹੀ ਦਾ ਖੋਜ ਕਰੀਏ ਫੇਰ ਹੋਰ ਸਾਰੀਆਂ ਚੀਜ਼ਾਂ ਉਸਦੇ ਨਾਲ ਹੀ ਤੁਹਾਨੂੰ ਮਿਲ ਜਾਨਗੀਆਂ ਅਰ ਜੋ ਕੁਝ ਅਸੀ ਪੈਹਲਾਂ ਵਰਨਨ ਕਰ ਚੁਕੇ ਹਾਂ ਉਸਤੋਂ ਹਰ ਇਕ ਰੱਬ ਦਾ ਪਿਆਰਾ ਅਤੇ ਧਰਮੀ ਪੁਰਸ਼ ਹੱਛੀ ਤਰਾਂ ਸਮਝ ਜਾਏਗਾ ਕਿ ਇਸ ਸਿਖ੍ਯਾ ਦਾ ਕਾਰਨ ਕੀ ਹੈ ਅਰ ਇਹ ਸਿਖ੍ਯਾ ਕੇਹੜੇ ੨ ਕਾਨੂਨ ਜਾਂ ਅਸੂਲਾਂ ਤੇ ਨਿਰਭਰ ਹੈ।

ਮੈਨੂੰ ਆਪਣੇ ਆਪ ਨੂੰ ਅਜਿਹੇ ਪੁਰਸ਼ਾਂ ਦਾ ਹਾਲ ਮਲੂਮ ਹੈ ਜੋ ਬੇਅੰਤ ਜੀਵਨ ਦੇ ਨਾਲ ਆਪਣੀ ਏਕਤਾ

ਅਨਭਉ ਕਰਨ ਅਤੇ ਈਸ਼੍ਵਰੀ ਸਿਖਜਾਦੀ ਰੌਨੂੰ ਆਪਣੇ ਅੰਦਰ ਆਉਨ ਦੇਨ ਤੋਂ ਪੂਰਨ ਰੀਤੀ ਨਾਲ ਈਸ਼੍ਵਰੀ ਪਾਤਸ਼ਾਹੀ ਵਿਖੇ ਦਾਖਲ ਹੋ ਗਏ ਹਨ । ਓਹਨਾਂ ਨੇ ਆਪਣੀਆਂ ਨਿੱਗਰ ੨ ਮਿਸਾਲਾਂ ਨਾਲ ਇਸ ਬੜੇ ਅਰ ਜ਼ਰੂਰੀ ਮਸਲੇ ਦੀ ਸਚਾਈ ਨੂੰ ਪੂਰੀ ਤਰਾਂ ਸਿੱਧ ਕਰ ਵਿਖਾਇਆ ਹੈ। ਇਹ ਓਹ ਲੋਕ ਹਨ ਜਿਨ੍ਹਾਂ ਨੂੰ ਇਸ-ਤਰਾਂ ਨਾਲ ਆਪਣੇ ਜੀਵਨ ਵਿਚ ਕੇਵਲ ਸਧਾਰਣ ਜਾਂ ਉਪਰਾਊਂ ਪ੍ਰੇਰਣਾ ਨਹੀਂ ਹੁੰਦੀ, ਸਗੋਂ ਅਸਲ ਵਿਚ ਪੂਰੇ ਪੂਰੇ ਵੇਰਵੇ ਨਾਲ ਹਦਾਇਤ ਮਿਲਦੀ ਰਹਿੰਦੀ ਹੈ, ਓਹ ਕੇਵਲ ਇਸ ਗੱਲ ਨੂੰ ਸਮਝ ਕੇ ਜੀਵਨ ਬਤੀਤ ਕਰਦੇ ਹਨ ਕਿ ਅਸੀ ਅਰ ਇਹ ਬੇਅੰਤ ਸ਼ਕਤੀ ਦੋਵੇਂ ਇਕ ਹੀ ਹਾਂ ਅਰ ਓਹ ਲਗਾਤਾਰ ਉਸ ਬੇਅੰਤ ਸ਼ਕਤੀ ਦੀ ਸਿਖਜਾ ਤੇ ਅਮਲ ਕਰਦੇ ਰਹਿੰਦੇ ਹਨ ਅਰ ਇਸ-ਤਰਾਂ ਓਹ ਸਦੀਵ ਸ੍ਵਰਗ ਦੀ ਪਾਤਸ਼ਾਹੀ ਵਿਚ ਰਹਿੰਦੇ ਹਨ, ਓਹਨਾਂ ਨੂੰ ਹਰ ਇਕ ਵਸਤੂ ਅਧਿਕਤਾ ਨਾਲ ਪ੍ਰਾਪਤ ਹੁੰਦੀ ਹੈ, ਓਹਨਾਂ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ, ਜੋ ਕੁਝ ਮੰਗਦੇ ਹਨ ਉਹੀ ਮਿਲ ਜਾਂਦਾ ਹੈ।ਓਹਨਾਂ ਨੂੰ ਇਹ ਸੋਚਨਾਂ ਨਹੀਂ ਪੈਂਦਾ ਕਿ ਕੀ ਕਰੀਏ, ਜਾਂ ਉਸਨੂੰ ਕਿਸਤਰਾਂ ਕਰੀਏ, ਓਹਨਾਂ ਦਾ ਜੀਵਨ ਬੇ ਫਿਕਰੀ ਦਾ ਜੀਵਨ ਹੈ, ਓਹਨਾਂ ਨੂੰ ਫਿਕਰ ਤੇ ਸੋਚ ਕਰਨੀ ਨਹੀਂ ਪੈਂਦੀ, ਕਿਉਂਕਿ ਓਹਨਾਂ ਨੂੰ ਇਹ ਗੱਲ ਸਦੀਵ ਮਲੂਮ ਹੈ ਕਿ ਉੱਚ ਤੋਂ ਉੱਚ ਸ਼ਕਤੀਆਂ ਉਨ੍ਹਾਂ ਦਾ ਆਗੂ ਪੁਣਾ ਅਤੇ ਹਦਾਇਤ ਕਰਦੀਆਂ ਰਹਿੰਦੀਆਂ ਹਨ ਅਰ ਓਹ ਜ਼ਿੰਮੇਵਾਰੀ ਤੋਂ ਰਹਤ ਹਨ। ਜੇ ਓਹਨਾਂ

ਵਿਚੋਂ ਸ਼ਾਜੇ ਪੁਰਸ਼ਾਂ ਦਾ ਹਾਲ ਵੇਰਵੇ ਨਾਲ ਦਿੱਤਾ ਜਾਵੇ ਅਰ ਖਾਸ ਕਰਕੇ ਦੋ ਤਿੰਨ ਪੁਰਸ਼ਾਂ ਦਾ ਹਾਲ ਵੇਰਵੇ ਨਾਲ ਵਰਨਨ ਕੀਤਾ ਜਾਵੇ, ਜੋ ਇਸ ਵੇਲੇ ਮੇਰੇ ਦਿਲ ਵਿਚ ਹਨ ਤਾਂ ਅਜਿਹੀਆਂ ਗੱਲਾਂ ਮਲੂਮ ਹੋਣਗੀਆਂ ਕਿ ਨਿਰਸੰਦੇਹ ਲੋਕ ਤਾਂ ਓਹਨਾਂ ਗੱਲਾਂ ਨੂੰ ਜੇ ਕਰਾਮਾਤਾਂ ਨਾਂ ਸਮਝਨਗੇ ਤਾਂ ਓਹਨਾਂ ਨੂੰ ਭਰਮ ਮਾਤ੍ਰ ਤਾਂ ਜ਼ਰੂਰ ਹੀ ਸਮਝਨਗੇ। ਪਰ ਸਾਨੂੰ ਯਾਦ ਰੱਖਣਾ ਲੋੜੀਏ ਕਿ ਜੋ ਗੱਲ ਇਕ ਪੁਰਸ਼ ਪ੍ਰਾਪਤ ਕਰ ਸਕਦਾ ਹੈ ਉਸਨੂੰ ਸਾਰੇ ਲੋਕ ਪ੍ਰਾਪਤ ਕਰ ਸਕਦੇ ਹਨ। ਇਹੀ ਅਸਲ ਵਿਚ ਕੁਦਰਤੀ ਅਰ ਅਸਲੀ ਜੀਵਨ ਹੈ ਅਰ ਹਰ ਇਕ ਪੁਰਸ਼ ਦੀ ਨਿਤਾਪ੍ਰਤੀ ਜ਼ਿੰਦਗੀ ਇਸਤਰਾਂ ਦੀ ਹੋ ਸਕਦੀ ਹੈ, ਜੇ ਓਹ ਇਸ ਉੱਤਮ ਅਸਲੀਅਤ ਨੂੰ ਸਮਝਕੇ ਉੱਚ ਅਸੂਲਾਂ ਦੇ ਅਨੁਸਾਰ ਜੀਵਨ ਬਤੀਤ ਕਰੇ। ਇਸਤਰਾਂ ਦਾ ਜੀਵਨ ਬਤੀਤ ਕਰਨਾ ਅਰ ਉਸਨੂੰ ਹੱਛੀ ਤਰਾਂ ਅਨਭਉ ਕਰਨਾ ਕੇਵਲ ਉਸ ਈਸ਼੍ਵਰੀ ਰੌ ਵਿਖੇ ਦਾਖਲ ਹੋਣਾ ਹੈ, ਜੋ ਸਾਰੀ ਸ੍ਰਿਸ਼ਟੀ ਵਿਚ ਜਾਰੀ ਹੈ, ਅਰ ਜਦੋਂ ਇਕ ਵਾਰੀ ਕੋਈ ਪੁਰਸ਼ ਇਸ ਲੜੀ ਵਿਚ ਦਾਖਲ ਹੋ ਜਾਂਦਾ ਹੈ, ਤਾਂ ਉਸਵਲੋ ਜੀਉਣਾ ਦੁਖਦਾਈ ਅਤੇ ਕਠਨ ਮਲੂਮ ਨਹੀਂ ਹੁੰਦਾ ਅਰ ਓਹ ਹਰ ਰੋਜ਼ ਇਸਤਰਾਂ ਸੁਖਦਾਈ ਨਾਲ ਅਰ ਉਚਿੱਤ ਢੰਗ ਨਾਲ ਨਿਭਦਾ ਜਾਂਦਾ ਹੈ, ਜਿਸਤਰਾਂ ਕਿ ਜੁਆਰ ਭਾਟਾ ਜਾਰੀ ਰਹਿੰਦਾ ਹੈ, ਜਾਂ ਜਿਹਾ ਕਿ ਸਤਾਰੇ (ਗ੍ਰਹਿ) ਆਪਣੇ ੨ ਚੱਕਰ ਵਿਚ ਘੁੰਮਦੇ ਰਹਿੰਦੇ ਹਨ ਅਰ ਜਿਸਤਰਾਂ ਕਿ ਰੁੱਤਾਂ ਦੀ ਅਦਲ ਬਦਲ ਹੁੰਦੀ ਰਹਿੰਦੀ ਹੈ।

ਸਾਨੂੰ ਆਪਣੇ ਜੀਵਨ ਵਿਚ ਸਾਰੇ ਤਰਾਂ ਦੇ ਝਗੜੇ ਸ਼ੱਕ ਸ਼ੁਬ੍ਹੇ ਅਰ ਮੁਸੀਬਤਾਂ, ਰੋਗ ਭੈ ਅਰ ਅੰਦੇਸ਼ੇ ਤੇ ਤਕਲੀਫਾਂ ਇਸ ਵਾਸਤੇ ਆਉਂਦੀਆਂ ਰਹਿੰਦੀਆਂ ਹਨ ਕਿ ਅਸੀ ਚੀਜ਼ਾਂ ਦੀ ਈਸ਼੍ਵਰੀ ਲੜੀ ਅਨੁਸਾਰ ਜੀਵਨ ਬਤੀਤ ਨਹੀਂ ਕਰਦੇ ਅਰ ਜਦੋਂ ਤਾਈਂ ਅਸੀ ਇਸ ਈਸ਼੍ਵਰੀ ਲੜੀ ਨੂੰ ਨਾਂ ਸਮਝਾਂਗੇ, ਤਦੋਂ ਤਾਈਂ ਇਹ ਬੀਮਾਰੀਆਂ ਤੇ ਤਕਲੀਫਾਂ, ਡਰ, ਵਿਘਨ ਤੇ ਪ੍ਰੇਸ਼ਾਨੀਆਂ ਬ੍ਰਾਬਰ ਆਉਂਦੀਆਂ ਰਹਨਗੀਆਂ। ਰੌ ਜਾਂ ਵੈਹਣ ਦੇ ਉਲਟ ਚਲਨਾ ਕਠਨ ਅਤੇ ਸਖਤ ਕੰਮ ਹੈ ਅਰ ਉਸ ਵਿਚ ਸਫਲਤਾ ਪ੍ਰਾਪਤ ਕਰਨੀ ਅੰਦੇਸੇ ਤੋਂ ਖਾਲੀ ਨਹੀਂ, ਵੈਹਣ ਦੇ ਅਨੁਸਾਰ ਚੱਲਨਾ ਅਰ ਇਸਤਰਾਂ ਨਾਲ ਵੱਡੀ ਕੁਦਰਤੀ ਸ਼ਕਤੀ ਦੇ ਅਮਲ ਦਾ ਲਾਭ ਉਠਾਣਾ ਸੌਖਾ ਹੈ ਅਰ ਉਸ ਵਿਚ ਕਿਸੇ ਤਰਾਂ ਦਾ ਖਤਰਾ ਨਹੀਂ। ਬਅੰਤ ਜੀਵਨ ਸੱਤਾ ਨਾਲ ਆਪਣੀ ਏਕਤਾ ਦਾ ਯਥਾਰਥ ਅਨੁਭਵ ਗਜਾਨ ਹੀ ਇਸ ਦੈਵੀ ਲੜੀ ਦੀ ਧਾਰਾ ਨੂੰ ਪ੍ਰਾਪਤ ਹੋਣਾ ਹੈ। ਜਦੋਂ ਅਸੀ ਉਸ ਬੇਅੰਤ ਨਾਲ ਇਕਸਾਰ ਹੋ ਜਾਂਦੇ ਹਾਂ, ਤਾਂ ਮੁੜ ਅਸੀ ਆਪਣੇ ਆਸੇ ਪਾਸੇ ਦੀਆਂ ਚੀਜ਼ਾਂ ਨਾਲ ਇਕ ਰੂਪ ਹੋ ਜਾਂਦੇ ਹਾਂ, ਤੇ ਬਹਿਸ਼ਤੀ ਉੱਤਮ ਜੀਵਨ ਦੇ ਨਾਲ ਅਰ ਸਾਰੀ ਸ੍ਰਿਸ਼ਟੀ ਦੇ ਨਾਲ ਭੀ ਏਕਤਾ ਪ੍ਰਾਪਤ ਕਰ ਲੈਂਦੇ ਹਾਂ ਅਰ ਸਭ ਤੋਂ ਵਧਕੇ ਇਹ ਗੱਲ ਹੈ ਕਿ ਇਸਤੋਂ ਅਸੀ ਆਪਣੇ ਆਪ ਨਾਲ ਪਿਆਰ ਪ੍ਰਾਪਤ ਕਰਦੇ ਹਾਂ, ਏਥੋਂ ਤਾਈਂ ਕਿ ਸਰੀਰ ਆਤਮਾਂ ਅਰ ਅੰਤਸ਼ਕਰਨ ਉੱਕਾ ਇਕ ਦੂਜੇ ਨਾਲ ਏਕਾ ਕਰ ਲੈਂਦੇਹਨ ਅਰ ਜਦ ਇਉਂ

ਹੋ ਜਾਂਦਾ ਹੈ ਤਾਂ ਸਾਡਾ ਜੀਵਨ ਸਭ 'ਤਰਾਂ ਨਾਲ ਪੂਰਨ ਹੋ ਜਾਂਦਾ ਹੈ।

ਹੁਣ ਅੱਗੋਂ ਨੂੰ ਸੰਸਾਰੀ ਜੀਵਨ ਸਾਡੇ ਤੇ ਪ੍ਰਬਲ ਨਹੀਂ ਹੋ ਸਕਦਾ ਅਰ ਅਸੀ ਉਸਦੇ ਵੱਸ ਵਿਚ ਨਹੀਂ ਰਹਿੰਦੇ, ਸਾਡੀ ਸ੍ਰੀਰਕ ਦਸ਼ਾ ਮਾਨਸਕ ਦਸ਼ਾ ਦੇ ਕਾਬੂ ਵਿਚ ਹੋ ਜਾਂਦੀ ਹੈ ਅਰ ਇਹ ਮਾਨਸਕ ਹਾਲਤ ਆਤ-ਮਕ ਹਾਲਤ ਦੇ ਅਧੀਨ ਹੋਕੇ ਰੱਬੀ ਪ੍ਰਕਾਸ਼ ਨਾਲ ਸਦੀਵ ਪ੍ਰਕਾਸ਼ ਵਾਨ ਹੁੰਦੀ ਰਹਿੰਦੀ ਹੈ, ਏਸ ਵਾਸਤੇ ਜੀਵਨ ਰੁੱਖਾ ਫਿੱਕਾ ਅਰ ਇਕ ਵਾਸਾ ਅਤੇ ਅਧੂਰਾ ਨਹੀਂ ਰਹਿੰਦਾ, ਸਗੋਂ ਇਸ ਜੀਵਨ ਵਿਚ ਉਸਦੀਆਂ ਤਿੰਨ ਹਾਲਤਾਂ ਸ਼ਾਮਲ ਹੁੰਦੀਆਂ ਹਨ ਅਰ ਇਹ ਜੀਵਨ ਅਤੀ ਹੀ ਸ਼ੋਭਨੀਕ ਹੋ ਜਾਂਦਾ ਹੈ ਅਰ ਹਰ ਰੋਜ਼ ਉਸਦੀ ਖੁਸ਼ੀ ਅਤੇ ਤਾਕਤ ਦੁਗਣੀ ਹੁੰਦੀ ਜਾਂਦੀ ਹੈ। ਇਸਤਰਾਂ ਨਾਲ ਇਹ ਗੱਲ ਸਾਡੀ ਸਮਝ ਵਿਚ ਆ ਜਾਂਦੀ ਹੈ ਕਿ ਵਿਤ ਅਨੁਸਾਰ ਚੱਲਨਾ ਸਭ ਤੋਂ ਹੱਛਾ ਹੈ, ਇਕ ਪਾਸੇ ਮਨ ਨੂੰ ਮਾਰਨ ਦਾ ਜੀਵਨ (ਤਯਾਗ) ਹੈ ਅਰ ਦੂਜੇ ਪਾਸੇ ਚੰਚਲ-ਤਾਈ ਦਾ ਜੀਵਨ।ਇਹ ਦੋਵੇਂ ਆਪੋ ਵਿਚ ਵਿਰੋਧੀ ਹਨ ਅਰ ਓਹਨਾਂ ਵਿਚੋਂ ਕੋਈ ਭੀ ਹੱਛਾ ਨਹੀਂ, ਹਰ ਇਕ ਵਸਤੂ ਵਰਤੋਂ ਵਿਚ ਲਿਆਉਨ ਲਈ ਮਿਲੀ ਹੈ, ਪਰ ਏਸ ਹਰ ਇਕ ਨੂੰ ਸਿਆਣਪ ਨਾਲ ਕੰਮ ਵਿਚ ਲਿਆ-ਉਣਾ ਚਾਹੀਦਾ ਹੈ, ਤਾਕਿ ਉਸਤੋਂ ਪੂਰਾ ਅਨੰਦ ਪ੍ਰਾਪਤ ਹੋ ਸਕੇ।

ਅਸੀ ਮਨ ਦੀਆਂ ਅਰ ਆਤਮਾਂ ਦੀਆਂ ਓਹਨਾਂ ਉੱਚ ਹਾਲਤਾਂ ਵਿਚ ਜੀਵਨ ਬਤੀਤ ਕਰਦੇ ਹਾਂ, ਏਸ

ਕਰਕੇ ਇਸਤੋਂ ਇੰਦ੍ਰੀਆਂ ਦੀ ਭੀ ਸਜਾਵਟ ਹੁੰਦੀ ਹੈ ਅਰ ਸਦੀਵ ਪੂਰਨਤਾ ਦੇ ਦਰਜੇ ਨੂੰ ਪਹੁੰਚਦੇ ਜਾਂਦੇ ਹਾਂ, ਜਿਉਂ ਜਿਉਂ ਸਰੀਰ ਘਟ ਗੰਦਾ ਅਰ ਘਟ ਭਾਰਾ ਹੁੰਦਾ ਜਾਂਦਾ ਹੈ ਅਰ ਉਸਦੀ ਬਨਾਵਟ ਸਜਾਵਟ ਵਧੇਰੇ ਸੂਖਮ ਹੁੰਦੀ ਜਾਂਦੀਹੈ, ਤਿਉਂ੨ ਸਾਰੇ ਇੰਦ੍ਰੇ ਭੀ ਜ਼ਿਆਦਾ ਸੂਖਮ ਹੁੰਦੇਜਾਂਦੇ ਹਨ, ਏਥੋਂ ਤਾਈਂ ਕਿ ਜੇਹੜੀਆਂ ਸ਼ਕਤੀਆਂ ਨੂੰ ਅਸੀ ਹੁਣ ਆਪਣੀਆਂ ਨਹੀਂ ਅਨਭਉ ਕਰਦੇ ਸਾਂ, ਓਹ ਤਾਕਤਾਂ ਹੁਣ ਹੌਲੀ੨ ਸਾਡੇ ਵਿਚ ਉੱਭਰ ਆਉਂਦੀਆਂ ਹਨ, ਇਸਤਰਾਂ ਨਾਲ ਅਸੀ ਇਕ ਉੱਕਾ ਕੁਦਰਤੀ ਅਰ ਅਸਲੀ ਢੰਗ ਨਾਲ ਦਾਨਾਈ ਦੇ ਉੱਪਲੇ ਹਿੱਸੇ ਵਿਚ ਪਹੁੰਚ ਜਾਂਦੇ ਹਾਂ, ਜਿਸਤੋਂ ਕਿ ਉੱਚ ਤੋਂ ਉੱਚ ਨਿਯਮਾਂ ਅਰ ਮਸਲਿਆਂ ਦੇ ਭੇਤ ਮਲੂਮ ਹੋ ਜਾਂਦੇ ਹਨ। ਜਦੋਂ ਅਸੀ ਉਨ੍ਹਾਂ ਹਿੱਸਿਆਂ ਵਿਚ ਪੁਜ ਜਾਂਦੇ ਹਾਂ, ਤਦੋਂ ਅਸੀ ਹੋਰਨਾਂ ਲੋਕਾਂ ਵਾਂਗ ਕਿਆਸ ਨਹੀਂ ਦੁੜਾਂਦੇ ਕਿ ਫਲਾਣੇ੨ ਪੁਰਸ਼ਾਂ ਨਾਲ ਜਿਨ੍ਹਾਂ ਤਾਕਤਾਂ ਅਰ ਇਲਹਾਮਾਂ ਦਾ ਸੰਬੰਧ ਕੀਤਾ ਗਿਆ ਹੈ, ਕੀ ਓਹਨਾਂ ਵਿਚ ਇਹ ਗੱਲਾਂ ਅਸਲ ਵਿਚ ਮੌਜੂਦ ਸਨ ਜਾਂ ਨਹੀਂ ? ਅਸੀ ਤਾਂ ਆਪ ਠੀਕ ਠੀਕ ਹਾਲ ਮਲੂਮ ਕਰ ਸਕਦੇ ਹਾਂ। ਅਰ ਨਾਂ ਅਸੀ ਉਨ੍ਹਾਂ ਪੁਰਖਾਂ ਵਿਚੋਂ ਹੁੰਦੇ ਹਾਂ ਜੋ ਆਮ ਲੋਕਾਂ ਨੂੰ ਕਿਸੇ ਹੋਰ ਦੀ ਸੁਣੀ ਸੁਣਾਈ ਗੱਲ ਤੇ ਹਦਾਇਤ ਕਰਨ ਦਾ ਯਤਨ ਕਰਦੇ ਹਨ। ਅਸੀ ਜਿਸ ਗੱਲ ਦਾ ਵਰਨਨ ਕਰਦੇ ਹਾਂ ਉਸਨੂੰ ਹੱਛੀ ਤਰਾਂ ਜਾਣਦੇ ਹਾਂ ਅਰ ਇਸਤਰਾਂ ਨਾਲ ਸਾਡੀ ਬਾਣੀ ਪ੍ਰਮਾਣੀਕ ਹੁੰਦੀ ਹੈ, ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਅਸੀ ਨਹੀਂ ਜਾਣ

ਸਕਦੇ ਅਰ ਕੇਵਲ ਉਸੇ ਹਾਲਤ ਵਿਚ ਜਾਨ ਸਕਦੇ ਹਾਂ, ਜਦੋਂ ਕਿ ਅਸੀ ਉੱਚ ਦਰਜੇ ਦਾ ਜੀਵਨ ਬਤੀਤ ਕਰੀਏ। ਜੋ ਪੁਰਸ਼ ਅਕਾਲ ਪੁਰਖ ਦੇ ਹੁਕਮਾਂ ਤੇ ਅਮਲ ਕਰਦਾ ਹੈ ਓਹੀ ਇਸ ਮਸਲੇ ਨੂੰ ਸਮਝ ਸਕਦਾ ਹੈ। ਪਲੋਟਾਈ-ਨੈਸ ਨੇ ਇਹ ਆਖਿਆ ਸੀ ਕਿ ਜਿਹੜਾ ਮਨ ਈਸ਼੍ਵਰ ਨੂੰ ਵੇਖਣਾ ਚਾਹੁੰਦਾ ਹੈ ਉਸਦੇ ਵਾਸਤੇ ਆਪ ਰੱਬ ਬਨਣਾ ਜ਼ਰੂਰੀ ਹੈ, ਇਸਤਰਾਂ ਨਾਲ ਜਦੋਂ ਅਸੀ ਏਹਨਾਂ ਉੱਚ ਨਿਯਮਾਂ ਅਰ ਮਸਲਿਆਂ ਨੂੰ ਆਪ ਹੱਛੀ ਤਰਾਂ ਸਮਝ ਸਕਾਂਗੇ ਅਰ ਆਪਣੇ ਆਪ ਤੇ ਭੇਤ ਖੁਲ੍ਹਣ ਦਿਆਂਗੇ, ਤਦੋਂ ਅਸੀ ਭੀ ਗਜ਼ੋਨੀ (ਮਹਾਤਮਾਂ) ਬਨ ਜਾਵਾਂਗੇ ਅਰ ਇਨ੍ਹਾਂ ਹੀ ਗੱਲਾਂ ਨੂੰ ਹੋਰਨਾਂ ਲੋਕਾਂ ਤੇ ਪ੍ਰਗਟ ਕਰ ਸਕਾਂਗੇ।

ਜਦੋਂ ਕੋਈ ਪੁਰਸ਼ ਇਸ ਉੱਚ ਦਰਜੇ ਦੇ ਗ੍ਯਾਨ ਨਾਲ ਆਪਣੀਆਂ ਸ਼ਕਤੀਆਂ ਨੂੰ ਹੱਛੀ ਤਰਾਂ ਜਗੌਨ ਲੱਗਦਾ ਹੈ, ਤਾਂ ਇਹ ਪੁਰਸ਼ ਜਿੱਥੇ ਕਿਧਰੇ ਜਾਂਦਾ ਹੈ ਅਰ ਆਪਣੇ ਸਾਥੀਆਂ ਨਾਲ ਮਿਲਦਾ ਹੈ, ਓਹਨਾਂ ਸਾਰਿਆਂ ਵਿਚ ਅਜਿਹਾ ਦਮ ਫੂਕਦਾ ਹੈ ਕਿ ਉਨ੍ਹਾਂ ਵਿਚ ਭੀ ਉਸੇ ਤਰਾਂ ਦੀ ਤਾਕਤ ਜੋਸ਼ ਮਾਰਨ ਲੱਗ ਪੈਂਦੀ ਹੈ, ਅਸੀ ਲਗਾਤਾਰ ਹੋਰਨਾਂ ਲੋਕਾਂ ਵਿਚ ਉਜਿਹੇ ਹੀ ਅਸਰ ਪੈਦਾ ਕਰਦੇ ਰਹਿੰਦੇ ਹਾਂ ਜੋ ਸਾਡੇ ਜੀਵਨ ਵਿਚ ਪ੍ਰਗਟ ਹਨ। ਅਸੀ ਇਹ ਕੰਮ ਏਸੇ ਤਰਾਂ ਕਰਦੇ ਹਾਂ, ਜਿਹਾ ਕਿ ਹਰ ਇਕ ਫੁਲ ਵਿਚੋਂ ਉਸੇ ਦੀ ਵਿਸ਼ੇਸ਼ ਸੁਗੰਧੀ ਜਾਂ ਦੁਰਗੰਧੀ ਨਿਕਲਦੀ ਰਹਿੰਦੀ ਹੈ, ਗੁਲਾਬ ਦਾ ਫੁਲ ਆਪਣੀ ਸੁਗੰਧੀ ਹਵਾ ਵਿਚ ਫੈਲਾਂਦਾ ਹੈ ਅਰ ਜੋ ਲੋਕ ਉਸਦੇ ਕੋਲ ਆਉਂਦੇ ਹਨ, ਉਸ ਸੁਗੰਧੀ ਦੇ ਨਿਕਲਨ

ਤੋਂ ਤਾਜ਼ਾਂ ਦਮ ਅਤੇ ਪ੍ਰਸੰਨ ਹੋ ਜਾਂਦੇ ਹਨ। ਇਕ ਜ਼ਹਿਰ ਦਾਰ ਘਾਹ ਆਪਣੀ ਦੁਰਗੰਧੀ ਫੈਲਾਂਦਾ ਹੈ, ਇਸਤੋਂ ਤਾਜ਼ਗੀ ਜਾਂ ਖੁਸ਼ੀ ਕੁਝ ਭੀ ਪ੍ਰਾਪਤ ਨਹੀਂ ਹੁੰਦੀ ਅਰ ਜੇ ਕੋਈ ਪੁਰਸ਼ ਉਸਦੇ ਪਾਸ ਬਹੁਤ ਚਿਰ ਤਾਈਂ ਰਹੇ, ਤਾਂ ਹੋ ਸਕਦਾ ਹੈ ਕਿ ਉਸਦੀ ਬਦਬੋ ਤੋਂ ਓਹ ਬੀਮਾਰ ਹੋ ਜਾਵੇ।

ਜੀਵਨ ਜਿੰਨਾ ਉੱਤਮ ਹੋਵੇਗਾ ਓਨਾਂ ਹੀ ਉਸ ਵਿਚ ਜ਼ਿਆਦਾ ਜੋਸ਼ ਦੁਆਨ ਵਾਲੀਆਂ ਅਰ ਹੋਰਨਾਂ ਨੂੰ ਲਾਭ ਪੁਚਾਨ ਵਾਲੀਆਂ ਤਾਸੀਰਾਂ ਪ੍ਰਗਟ ਹੋਨਗੀਆਂ ਅਰ ਜਿੰਨਾ ਨੀਚ ਦਰਜੇ ਦਾ ਜੀਵਨ ਹੋਵੇਗਾ, ਓਨੀਆਂਹੀਉਸ ਵਿਖੇ ਵਧੇਰੇ ਦੁਖਦਾਈ ਤਸੀਰਾਂ ਉਸਦੇ ਆਸ ਪਾਸ ਦੇ ਲੋਕਾਂ ਵਿਚ ਪ੍ਰਗਟ ਹੋਨਗੀਆਂ। ਹਰ ਇਕ ਪੁਰਸ਼ ਕਿਸੇ ਨਾਂ ਕਿਸੇ ਤਰਾਂ ਦੀ ਤਸੀਰ ਬਰਾਬਰ ਫੈਲਾਂਦਾ ਰਹਿੰਦਾ ਹੈ ਅਰ ਹੋਰਨਾਂ ਤੇ ਆਪਣਾ ਅਸਰ ਪੈਦਾ ਕਰਦਾ ਰਹਿੰਦਾਹੈ।

ਜੋ ਮਲਾਹ ਹਿੰਦੁਸਤਾਨ ਦੇ ਸਮੁੰਦ੍ਰਾਂ ਵਿਚ ਜਹਾਜ਼ ਚਲਾਂਦੇ ਹਨ, ਉਨ੍ਹਾਂ ਕੋਲੋਂ ਅਸਾਂ ਸੁਣਿਆਂ ਹੈ ਕਿ ਬਾਜ਼ੇ ਟਾਪੂਆਂ ਵਿਚੋਂ ਦੂਰ ਤੋਂ ਹੀ ਸਮੁੰਦ੍ਰ ਥੀਂ ਹੋਕੇ ਚੰਦਨ ਦੀ ਸੁਗੰਧੀ ਆਉਂਦੀ ਹੈ, ਇਸ ਵਾਸਤੇ ਓਹ ਕੇਵਲ ਉਨ੍ਹਾਂ ਟਾਪੂਆਂ ਨੂੰ ਵੇਖਨ ਤੋਂ ਪੈਹਲਾਂ ਹੀ ਉਸ ਸੁਗੰਧੀ ਤੋਂ ਦਸ ਸਕਦੇ ਹਨ ਕਿ ਓਹ ਟਾਪੂ ਨੇੜੇ ਆ ਗਏ ਹਨ। ਕੀ ਤੁਸੀ ਨਹੀਂ ਵੇਖਦੇ ਕਿ ਅਜੇਹੇ ਸਰੀਰ ਵਿਚ ਇਕ ਅਜੇਹੀ ਆਤਮਾਂ ਦਾ ਹੋਣਾ ਕਿੰਨਾ ਕੁ ਲਾਭਕਾਰੀ ਹੋਵੇਗਾ ਕਿ ਜਦੋਂ ਤੁਸੀ ਏਧਰ ਓਧਰ ਜਾਓ, ਤਾਂ ਇਕ ਸੂਖਮ (ਛੇਤੀ ਪਹੁੰਚਨ ਵਾਲੀ) ਅਰ ਚੁਪ ਚਾਪ ਤਾਕਤ ਤੁਹਾਡੇ

ਵਿਚੋਂ ਨਿਕਲੇ, ਜਿਸਨੂੰ ਸਾਰੇ ਲੋਕ ਅਨਭਵ ਕਰਨ ਅਰ ਜਿਸਦਾ ਅਸਰ ਸਾਰਿਆਂ ਤੇ ਹੋਵੇ, ਤਾਕਿ ਤੁਸਾਡੇ ਵਿਚੋਂ ਇਕ ਗ਼ੈਬ ਦੀ ਅਵਾਜ਼ ਅਰਥਾਤ ਈਸ਼੍ਵਰੀ ਇਲ-ਹਾਮ ਨਿਕਲੇ ਅਰ ਜਿੱਥੇ ਕਿਧਰੇ ਤੁਸੀ ਜਾਓ ਬਰਾਬਰ ਬਰਕਤ ਫੈਲਾਂਦੇ ਜਾਓ, ਤਾਕਿ ਤੁਹਾਡੇ ਮਿਤ੍ਰ ਅਰ ਸਾਰੇ ਲੋਕ ਇਹ ਆਖਨ :"ਏਹਨਾਂ ਦੇ ਆਉਨ ਕਰਕੇ ਸਾਡੇ ਘਰਾਂ ਵਿਚ ਅਮਨ ਅਤੇ ਖ਼ੁਸ਼ੀ ਆਉਂਦੀ ਹੈ, ਏਹਨਾਂ ਦਾ ਆਉਣਾ ਮੁਬਾਰਕ ਹੈ।"ਤਾਕਿ ਜਦੋਂ ਤੁਸੀ ਸੜਕ ਤੋਂ ਲੰਘਦੇ ਹੋਵੋ ਤਾਂ ਥੱਕੇ ਟੁਟੇ ਅਰ ਪਾਪੀ ਇਸਤ੍ਰੀ ਪੁਰਸ਼, ਵਿਚ ਕਿੰਨਾ ਕੁ ਅਸਰ ਅਨਭਵ ਹੋਵੇ, ਜਿਸਤੋਂ ਓਹਨਾ ਵਿਚ ਨਵੀਆਂ ਖ਼ਾਹਸ਼ਾਂ ਅਰ ਨਵੀਆਂ ਜ਼ਿੰਦਗੀਆਂ ਪੈਦਾ ਹੋਨ ਅਰ ਜਿਸਤੋਂ ਘੋੜਾ ਭੀ ਜਦੋਂ ਤੁਸੀ ਉਸਦੇ ਕੋਲੋਂ ਲੰਘੋ ਤੁਹਾਡੇ ਵਲ ਇਕ ਵੱਡੀ ਚਾਹ ਅਤੇ ਉਮੰਗ ਨਾਲ ਵੇਖੇ ਅਰ ਸਿਰ ਝੁਕਾਏ।ਜਦੋਂ ਮਨੁਖ ਦੀ ਆਤਮਾਂ ਵਿਚ ਈਸ਼੍ਵਰੀ ਆਤਮਾਂ ਦਾਖਲ ਹੋ ਜਾਂਦੀ ਹੈ, ਤਾਂ ਉਸ ਵਿਚ ਇਸਤਰਾਂ ਦੀਆਂ ਸੂਖਮ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਇਹ ਜਾਨਣਾਂ ਕਿ ਇਸ ਸੰਸਾਰ ਵਿਚ ਅਰ ਇਸ ਵੇਲੇ ਸਾਨੂੰ ਅਜਿਹਾ ਜੀਵਨ ਪ੍ਰਾਪਤ ਹੋ ਸਕਦਾਹੈ,ਇਸਤੋਂ ਹਰ ਇਕ ਪੁਰਸ਼ ਨੂੰ ਹੱਦ ਤੋਂ ਵਧਕੇ ਖ਼ੁਸ਼ੀ ਪੈਦਾ ਹੁੰਦੀ ਹੈ ਅਰ ਜਦੋਂ ਜੀਵਨ ਇਸ ਹਾਲਤ ਵਿਚ ਦਾਖਲ ਹੋ ਜਾਂਦਾ ਹੈ, ਤਾਂ ਘਟ ਤੋਂ ਘਟ ਇਕ ਰਾਗ ਵਿਚ ਇਸ ਭਾਂਤ ਦੇ ਖਿਆਲ ਪ੍ਰਗਟ ਹੋਨਗੇ :-

ਆਹਾ! ਮੈਂ ਇਸਥਿਤ ਹਾਂ, ਉਸ ਵਿਚ, ਪਰਮ
ਪਰਾਵਰ ਜੋਈ। ਸਕਲ ਪਦਾਰਥ ਮੈਨੂੰ ਭਾਸਨ,

ਰੂਪ ਅਨੂਪਮ ਸੋਈ। ਭੋਜਨ ਅਚਾਂ ਬਹਿਸ਼ਤੀ ਪਿਆਰੇ! ਭੁਖ ਨ ਬਾਧਾ ਪਾਵੇ। ਅੰਮ੍ਰਿਤ ਪਾਂਣੀ ਦੀ ਥਾਂ ਪੀਵਾਂ, ਤ੍ਰਿਸ਼ਨਾ ਨਿਕਟ ਨ ਆਵੇ।
ਇੰਦ੍ਰ ਧਨੁਖ ਜਯੋਂ ਪੀਂਘਾਂ, ਲਸ਼ਕੇ, ਕਸ ਕਸ ਕਿਰਨ ਪਸਾਰੇ। ਪਰਮ ਪਿਤਾ ਦੀ ਪ੍ਰੀਤੀ ਦਿੰਦੀ ਅਚਰਜ ਖੂਬ ਨਜ਼ਾਰੇ। ਅੱਖ ਉਠਾ ਜਦੋਂ ਮੈਂ ਤੱਕਾਂ, ਇਹ ਚਮਕਾਊ ਧਾਰੀ। ਨੀਲਮ ਚੂਨ ਜਵਾਹਰ ਦਮਕਨ, ਕੰਚਨ ਮੈਂ ਗਚਕਾਰੀ।
ਸੁੰਦਰ ਸੁੰਦਰ ਪੰਛੀ ਗਾਵਨ, ਵਿਚ ਉਨ੍ਹਾਂ ਸਭ ਨਾਹਾਂ। ਸੰਦਰ ਸੋਹਣੇ ਖੇੜੂ ਸਾਰੇ, ਫੁਲਾਂ ਵਿਚ ਤਕਾਹਾਂ। ਧੰਨ ਸੁਹਾਵੀ ਮਹਕ ਜਿਨ੍ਹਾਂ ਦੀ ਸਾਡੀ ਵਲ ਲਿਆਵੇ। ਮਿੱਠੀ ਮਿੱਠੀ ਗੰਧ ਉਨ੍ਹਾਂ ਦੀ ਬਰਕਤ ਨੂੰ ਬਰਸਾਵੇ।
ਪਰਭਾਤੀ ਅਦਭੁਤ ਪਰਕਾਸੀ, ਰੰਗ ਤਿਨ੍ਹਾਂ ਨੂੰ ਦੇਖਤ। ਰਾਤ ਉਜਾਲੀ ਤੇ ਚੰਦ੍ਰਾਲੀ ਉਸਦਾ ਖੇੜਾ ਪੇਖਤ। ਮਗਨ ਭਯਾ ਮੈਂ ਆਪੇ ਬਾਹਰ ਆਪੇ ਵਿਚ ਸਮਾਯਾ। ਹੋਸ਼ ਹਵਾਸ ਗਏ ਉਡਿ ਸਾਰੇ, ਵਾਹ ਵਾਹ ਕੌਤਕ ਛਾਯਾ।

"ਆਹਾ! ਮੈਂ ਸਦਾ ਵਾਸਤੇ ਇਸ ਸਰਬ ਸ਼ਕਤੀ-ਮਾਨ ਵਿਚ ਮੌਜੂਦ ਹਾਂ, ਮੇਰੇ ਨਿਕੱਟ ਸਾਰੀਆਂ ਚੀਜ਼ਾਂ ਈਸ਼੍ਵਰੀ ਹਨ, ਮੈਂ ਸ੍ਵਰਗ ਦੀ ਮਿੱਠੀ ਰੋਟੀ ਖਾਂਦਾ ਹਾਂ ਅਰ ਸੁਰਗ ਦਾ ਅੰਮ੍ਰਿਤ ਪਾਣੀ ਪੀਂਦਾ ਹਾਂ।" ਜਦੋਂ ਮੈਂ ਚਮਕਦੀ ਹੋਈ ਕਮਾਨ (ਪੀਂਘ) ਦੇ ਲਾਲ ਨੀਲੇ ਅਰ

ਸੁਨੈਹਰੀ ਰੰਗਾਂ ਦੀਆਂ ਕਿਰਨਾਂ ਵੇਖਦਾ ਹਾਂ, ਤਾਂ ਉਨ੍ਹਾਂ ਦੇ ਪ੍ਰਵਾਰ ਵਿਚ ਮੈਨੂੰ ਈਸ਼੍ਵਰੀ ਪ੍ਰੇਮ ਦ੍ਰਿਸ਼ਟੀ ਆਉਂਦਾ ਹੈ। ਨਿਮਨ ਲਿਖਤ ਚੀਜ਼ਾਂ ਨੂੰ ਵੇਖਕੇ ਮੇਰੀ ਆਤਮਾਂ ਵਜਦ (ਮਸਤੀ) ਵਿਚ ਆ ਜਾਂਦੀ ਹੈ ਅਰ ਮੇਰੇ ਇੰਦ੍ਰੇ ਖੁਸ਼ੀ ਵਿਚ ਮਗਨ ਹੋ ਜਾਂਦੇ ਹਨ।

"ਸੁੰਦਰ ਬੋਲੀ ਵਾਲੇ ਚਮਕੀਲੇ ਪੰਛੀ ਜੋ ਗਾਉਂਦੇ ਰਹਿੰਦੇ ਹਨ, ਸੁੰਦਰ ਫੁਲ ਜੋ ਖਿੜਦੇ ਰਹਿੰਦੇ ਹਨ ਅਰ ਜਿਨ੍ਹਾਂ ਦੀ ਸੁੰਦਰ ਮੈਹਕ ਚਾਰੋਂ ਤਰਫ ਸੁਗੰਧਾ ਹੀ ਸੁਗੰਧੀ ਪਸਾਰ ਦੇਂਦੀ ਹੈ, ਸਵੇਰ ਦੇ ਰੰਗ ਜੋ ਬੜੇ ਆਬ ਤਾਬ ਨਾਲ ਨਿਕਲਦੇ ਹਨ ਅਰ ਚਾਂਦਨੀ ਰਾਤ ਦੀ ਸ਼ਾਨਦਾਰ ਚਮਕ।"

ਜਦੋਂ ਕੋਈ ਪੁਰਸ਼ ਬੇਅੰਤ ਜੀਵਨ ਸੱਤਾ ਨਾਲ ਆਪਣੀ ਏਕਤਾ ਨੂੰ ਨਿਸਚੇ ਅਨਭਵ ਕਰ ਲੈਂਦਾ ਹੈ ਅਰ ਇਸ ਵਿਖੇ ਲਗਾਤਾਰ ਜੀਵਨ ਬਤੀਤ ਕਰਦਾ ਹੈ, ਤਦੋਂ ਹੋਰ ਬਾਕੀ ਚੀਜ਼ਾਂ ਉਸਨੂੰ ਆਪਣੇ ਆਪ ਪ੍ਰਾਪਤ ਹੋ ਜਾਂਦੀਆਂ ਹਨ, ਏਸੇ ਤਰਾਂ ਦਾ ਜੀਵਨ ਬਤੀਤ ਕਰਨ ਤੋਂ ਅਜਿਹੀਆਂ ਸ਼ਾਨਦਾਰ ਅਰ ਸ਼ੋਭਨੀਕ ਚੀਜ਼ਾਂ ਅਤੇ ਅਜਿਹੀ ਖੁਸ਼ੀ ਪ੍ਰਾਪਤ ਹੁੰਦੀ ਹੈ ਜੋ ਉਹੀ ਜੀਵਨ ਅਨਭਵ ਕਰ ਸਕਦਾ ਹੈ, ਜਿਸਦਾ ਸੰਬੰਧ ਅਪਾਰ ਸ਼ਕਤੀ ਨਾਲ ਹੋ ਜਾਂਦਾ ਹੈ। ਇਸਤਰਾਂ ਦਾ ਜੀਵਨ ਬਤੀਤ ਕਰਨ ਤੋਂ ਸੰਸਾਰ ਵਿਚ ਰਹਕੇ ਸੁਰਗ ਦੀਆਂ ਹੱਛੀਆਂ ਤੋਂ ਹੱਛੀਆਂ ਨਿਆਮਤਾਂ ਪ੍ਰਾਪਤ ਹੋ ਜਾਂਦੀਆਂ ਹਨ, ਇਸਤਰਾਂ ਨਾਲ

ਅਸੀ ਸੁਰਗ ਨੂੰ ਧਰਤੀ ਤੇ ਲੈ ਆਉਂਦੇ ਹਾਂ, ਜਾਂ ਇਹ ਆਖੋ ਕਿ ਜ਼ਮੀਨ ਨੂੰ ਸੁਰਗ ਤੇ ਲੈ ਜਾਂਦੇ ਹਾਂ। ਇਸੇ ਤ੍ਰਾਂ ਨਾਲ ਅਸੀ ਨਿਰਬਲਤਾ ਅਰ ਕਮ ਹਿੰਮਤੀ ਨੂੰ ਤਾਕਤ ਵਿਚ, ਗ਼ਮ ਨੂੰ ਖੁਸ਼ੀ ਵਿਚ, ਭੈ ਅਰ ਅੰਦੇਸ਼ਿਆਂ ਨੂੰ ਯਕੀਨ ਵਿਚ ਅਰ ਖਾਹਸ਼ਾਂ ਤੇ ਇੱਛਾਂ ਨੂੰ ਪਦਾਰਥ ਪ੍ਰਾਪਤੀ ਵਿਚ ਪਲਟ ਸਕਦੇ ਹਾਂ, ਏਸੇ ਤਰਾਂ ਅਸੀ ਪੂਰਨ ਅਮਨ ਤਾਕਤ ਅਰ ਹਰ ਇਕ ਵਸਤੂ ਨੂੰ ਅਧਿਕਤਾ ਜਾਂ ਵਸ਼ੇਸ਼ਤਾ ਨਾਲ ਪ੍ਰਾਪਤ ਕਰ ਸਕਦੇ ਹਾਂ, ਏਸੇ ਤਰਾਂ ਨਾਲ ਮਨੁਖ ਬੇਅੰਤ ਸਰੂਪ ਵਾਹਿਗੁਰੂ ਅਕਾਲ ਪੁਰਖ ਨਾਲ ਮਿਲਾਪ ਪ੍ਰਾਪਤ ਕਰ ਸਕਦਾ ਹੈ ਇਹੋ ਹੀ ਵਾਹਿਗੁਰੂ ਜੀ ਦੇ ਮਿਲਾਪ ਦਾ ਅਤੀ ਉੱਤਮ ਮਾਰਗ 'ਰੱਬੀ ਜੋੜ ਮੇਲਾ' ਹੈ।

———

ਬੱਸ ਕਰਾਂ ਕੁਝ ਬੋਲ ਨ ਸੱਕਾਂ ਅੱਗੇ ਠੌਰ ਨ ਕਾਈ।
ਗੈਲਿਆ ਉਕਰ ਸਾਰਾ ਹੀ ਮੈਂ ਜੀਕੁਰ ਆਗਜ਼ਾ ਪਾਈ।
ਤਾਬ ਨ ਵਿਚ ਕਲਮ ਦੇ ਮੇਰੀ ਹਿਰਦਾ ਠੰਢਾ ਹੋ
ਆਪ ਛੱਡ ਆਪੇ ਉਹ ਹੋਇਆ ਉਠਿਆ ਫੇਰ ਨ

——

ਝੂਲੇ ਦੇਇ ਇਹ ਅੱਖਰ ਕੰਢੇ ਭੋਗ ਬੱਸ ਹੁ
ਸਤਿਨਾਮ ਵਿਚ ਸੁਰਤਿ ਜੁੜਾਈ ਆਵਾਂ ਮੁ
ਹੋਇ ਵਿਛੋੜਾ ਕਦਹੀ ਨਾਹੀਂ ਦਾਤ ਇਹੋ
ਜਨਮ ਮਰਨ ਦੁਖ ਰਹੇ ਨ ਮੂਲੋਂ ਮਿਲਨ ਮੇ

—:ਇਤਿ:—

ਸ੍ਰੀ ਵਾਹਿਗੁਰੂ ਜੀ ਕਾ ਖਾਲ

ਸ੍ਰੀ ਵਾਹਿਗੁਰੂ ਜੀ ਕੀ ਫਤਹ

ਦੁਖਾਂ ਤੋਂ ਸਿਖਜਾ !

"ਦੁਖ ਦਾਰੂ ਸੁਖ ਰੋਗ ਭਇਆ" ਦਾ ਸਤਿਗੁਰ ਵਾਕ ਅਲਾਇਆ। ਵਿਚ ਭੁੱਲ ਦੇ ਸੁੱਤੇ ਹੋਇਆਂ, ਦੁਖਾਂ ਆਣ ਜਗਾਇਆ। ਜਦ ਆ ਬਣਦੇ ਦੁੱਖ ਆਪਣੇ, ਯਾਦ ਰੱਬ ਆ ਜਾਵੇ। ਹਾਰ ਭੁਲਾਵਨ ਮਾਇਆ ਕਾਰੇ, ਮੂਲੋਂ ਕੋਈ ਨ ਭਾਵੇ ॥ ੧ ॥ ਜਿਉਂ ਜਿਉਂ ਆਵਨ ਦੁਖ ਔਕੜਾਂ, ਸੋਚ ਬੁੱਧ ਆ ਜਾਂਦੀ। ਬਚਨ ਵਾਸਤੇ ਬਲ ਵਧ ਹੁੰਦਾ, ਪੂਰਨ ਹਿੰਮਤ ਆਂਦੀ। ਜਿੰਨੀ ਬਿਪਤਾ ਬਾਹਲੀ ਧਾਵੇ, ਤੁੱਨੀ ਹਿੰਮਤ ਆਵੇ। ਜਿਉਂ ਫੁਲਾਂ ਨੂੰ ਘੁੱਟ ਵਧੇਰੀ, ਵੱਧ ਸੁਗੰਧੀ ਲਜਾਵੇ ॥ ੨ । ਪਰਬਤ ਚੜ੍ਹਦੇ ਔਖਾ ਮਾਰਗ, ਹਰ ਦਮ ਚੌਕਸ ਰਹੀਏ। ਡਿੱਗ ਡਿੱਗ ਅਸਵਾਰ ਹੋਈਦਾ, ਸਦਾ ਅਖਾਵਤ ਕਹੀਏ । ਵਗੇ ਹਨੇਰੀ ਗਰਮੀ ਪੈਂਦੀ, ਆਸ ਬਾਰਸ਼ਾਂ ਹੁੰਦੀ । ਜਿਉਂ ਜਿਉਂ ਔਕੜ ਪਵੇ ਵਧੇਰੀ, ਤਿਉਂ ਤਿਉਂ ਹਿੰਮਤ ਸੁੰਦੀ ॥ ੩ ॥ ਨੀਵੇਂ ਖੜੇ ਉਤਾਹਾਂ ਆਸਾ, ਹਾਰ ਨਿਸ਼ਾਨੀ ਜਿੱਤਣ। ... ਗਲਦਾ ਬੀਜ ਉੱਗਦਾ, ਦਿੰਦਾ ਹੈ ਫਲ ਕਿੱਤਣ। ...ਦਾ ਬਾਣ ਲੱਗਿਆਂ, ਲਾਭ ਖਰਚ ਤੇ ਹੋਵੇ। ...ਰਥਾ ਉਸੇ ਨਾਂ ਹੁੰਦਾ, ਜੋ ਘਬਰਾਕੇ ਰੋਵੇ ॥੪॥ ... ਸੱਚੇ ਸੁਖ ਤਾਈਂ, ਦੁਖਾਂ ਘਾਣ ਵਹਾਵੋ। ... ਗੁਰੂ ਹਰਦਮ ਕਰਦੇ, ਸਰੰਜਾਮ ਨੂੰ ਧਾਵੋ। ...ਨਾਂ ਛੱਡੋ ਹਿੰਮਤ, ਉੱਦਮ ਵੱਧ ਕਰਾਵੋ। ...ਹੀ ਉੱਤਮ ਸਾਧਨ, ਸਦਾ ਸਫਲਤਾ ਪਾਵੋ ॥

—o—